ISSN 0972-2335

# ਅੰਮ੍ਰਿਤ ਕੀਰਤਨ

ਫਰਵਰੀ 2021

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ



ਮੁੱਲ 15/-



## ਮੰਗਲਵਾਰ

## 'ਸਭ ਕੁਝ ਹੋਵਸੀ ਪਰ ਮੈਂ ਵੇਖਣਾ ਨਹੀਂ'

ਮੰਗਲਵਾਰ ਚੜ੍ਹਿਆ ਖੁਸ਼ ਪਰਿਵਾਰ
ਹੋਇਆ,
ਨਾਲ ਖੁਸ਼ੀ ਦੇ ਆਪੂੰ
ਚਿਤਾਵੰਦਾ ਹਾਂ।
ਨਾਲ ਤੇਰੀ ਅਸੀਸ ਪ੍ਰਫੁਲਿੱਤ
ਹੋਇਆ ,
ਆਕੇ ਦੇਖ ਕੀ ਸੱਦ
ਅਖਵਾਂਦਾ ਹਾਂ।
'ਸਭ ਕੁੱਝ ਹੋਵਸੀ ਪਰ ਮੈਂ ਵੇਖਣਾ
ਨਹੀਂ ,
ਅਸੀਸ ਆਪ ਦੀ ਦਸ
ਦਸਾਵਦਾਂ ਹਾਂ।

## मंगलवार

## 'सभ कुझ होवसी पर मैं वेखणा नहीं'

मंगलवार चढ़िआ खुश परिवार होया,
नाल खुशी दे आपूं
चितावदां हां ।
नाल तेरी असीस प्रफुलित होया ,
आके देख की सद
अखवांवदा हां ।
सभ कुझ होवसी पर मैं वेखणा नहीं,
असीस आपदी दस
दसांवदा हां ।
किहा आापदा रब्ब ने पूरिआ ए,
दिता सभ कुझ उहनूं
मनावंदा हां ।

ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ


**ਸੰਪਾਦਕ** (ਆਨਰੇਰੀ)

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**
ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ
(ਫੋਨ :0172-4782705, 98150-72197) ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


# ਇਸ ਅੰਕ ਵਿਚ


ਮੰਗਲਵਾਰ 'ਸਭ ਕੁਝ ਹੋਵਸੀ ਪਰ ਮੈ ਵੇਖਣਾ ਨਹੀ'
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਪ੍ਰਸ਼ਨ ਉੱਤਰ 2

ਸਿੱਖ ਗ੍ਰਹਿਸਤ ਜੀਵਨ ਅਤੇ ਗੁਰਮਤਿ ਸੰਗੀਤ
ਡਾ. ਜਾਗੀਰ ਸਿੰਘ 4

ਗੁਰਮਤਿ ਸੰਗੀਤ ਵਿਚ ਬਸੰਤ ਦੀ ਕੀਰਤਨ ਮਰਿਆਦਾ
ਡਾ. ਗੁਰਨਾਮ ਸਿੰਘ 12

ਭਗਤ ਰਵਿਦਾਸ ਬਾਣੀ ਵਿਚ ਪ੍ਰਸਤੁਤ ਗਾਇਨ ਸੈਲੀਆਂ
ਡਾ. ਹਰਜਸ ਕੌਰ 15

ਸੁਰ ਲਿਪੀ -ਰਾਗੁ ਬਸੰਤ-ਹਰਭਜਨ ਸਿੰਘ ਚੋਪੜਾ ਟਾ-3

ਸੁਰ ਲਿਪੀ ਵਾਲਾ ਸ਼ਬਦ ਅਤੇ ਅਰਥ ਟਾ-4


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

## ਕਰਉ ਬੇਨੰਤੀਆ

# ਪ੍ਰਸ਼ਨ ਅਤੇ ਉੱਤਰ

ਅਜਕਲ ਮੈਂ Unposted Letter by T. T. Rangrajan ਦਾ ਹਿੰਦੀ ਅਨੁਵਾਦ 'ਅਪ੍ਰੇਸ਼ਿਤ ਪਤ੍ਰ' ਪੁਸਤਕ ਪੜ੍ਹ ਰਿਹਾ ਹਾਂ। ਇਸ ਵਿੱਚ ਰੰਗਰਾਜਨ ਨੇ ਨੋਬੇਲ ਪੁਰਸਕਾਰ ਵਿਜੇਤਾ ਵਿਗਿਆਨੀ ਆਈਜੈਕ ਰਾਬੀ ਦਾ ਕਥਨ ਦਰਜ ਕੀਤਾ ਹੈ-

-ਮੇਰੀ ਮਾਂ ਨੇ ਅਣਜਾਣੇ ਹੀ ਮੈਨੂੰ ਵਿਗਿਆਨੀ ਬਣਾ ਦਿੱਤਾ ਸੀ। ਬਰੁਕਲਿਨ ਵਿੱਚ ਹਰ ਯਹੂਦੀ ਮਾਂ ਸਕੂਲੋਂ ਘਰ ਪਰਤੇ ਬੱਚੇ ਨੂੰ ਪੁਛਿਆ ਕਰਦੀ ਸੀ, "ਅੱਜ ਸਕੂਲ ਵਿੱਚ ਕੀ ਸਿੱਖਿਆ ਹੈ?" ਪਰ ਮੇਰੀ ਮਾਂ ਨੇ ਕਦੀ ਇਹ ਨਹੀਂ ਸੀ ਪੁਛਿਆ। ਸਗੋਂ ਉਹ ਹਮੇਸ਼ਾ ਇਹ ਪੁਛਿਆ ਕਰਦੀ ਸੀ ਕਿ, "ਬੇਟਾ ਕੀ ਤੂੰ ਅੱਜ ਅਧਿਆਪਕ ਤੋਂ ਕੋਈ ਚੰਗਾ ਪ੍ਰਸ਼ਨ ਪੁਛਿਆ?" ਇਸ ਕਾਰਨ ਮੈਨੂੰ ਸਹੀ ਪ੍ਰਸ਼ਨ ਪੁਛਣ ਦੀ ਆਦਤ ਪੈ ਗਈ ਅਤੇ ਮੈਂ ਵਿਗਿਆਨੀ ਬਣ ਗਿਆ। ਕਿਸੇ ਨੇ ਪੁਛਿਆ ਕਿ ਸੇਬ ਹੇਠਾਂ ਕਿਉਂ ਡਿਗਦਾ ਹੈ? ਤੇ ਇਸ ਤੋਂ ਬਾਅਦ ਦੁਨੀਆਂ ਬਦਲ ਗਈ। ਅਰਜਨ ਨੇ ਕ੍ਰਿਸ਼ਨ ਨੂੰ ਪੁਛਿਆ ਕਿ ਉਹ ਯੁਧ ਕਿਉਂ ਕਰੇ? ਤੇ ਇਸ ਪ੍ਰਸ਼ਨ ਦੇ ਉੱਤਰ ਵਿੱਚ ਗੀਤਾ ਦੀ ਰਚਨਾ ਹੋ ਗਈ।

ਕਹਿੰਦੇ ਹਨ ਜਦੋਂ ਵਿਦਿਆਰਥੀ ਤਿਆਰ ਹੁੰਦਾ ਹੈ ਤਾਂ ਅਧਿਆਪਕ ਆਪੇ ਪ੍ਰਗਟ ਹੋ ਜਾਂਦਾ ਹੈ ਭਾਵ ਜੇ ਸਾਡੇ ਮਨ ਵਿੱਚ ਕੁਝ ਜਾਣਨ ਦੀ ਜਗਿਆਸਾ ਹੋਵੇ ਤਾਂ ਉਸ ਦਾ ਉੱਤਰ ਮਿਲ ਹੀ ਜਾਂਦਾ ਹੈ। ਸਮੱਸਿਆ ਹੋਵੇ ਤਾਂ ਹੱਲ ਮਿਲ ਜਾਂਦਾ ਹੈ।

ਗੁਰਮਤਿ ਕਾਲਜ ਵਿੱਚ ਮੇਰੇ ਅਧਿਆਪਕ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਕਿਹਾ ਕਰਦੇ ਸਨ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੇਵਲ ਇੱਕ ਪ੍ਰਸ਼ਨ ਦਾ ਉੱਤਰ ਜਾਪਦੀ ਹੈ- ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।?

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਹਿਜ ਪਾਠ ਕਰਦਿਆਂ ਹੁਣ ਅਜਿਹੀਆਂ ਪ੍ਰਸ਼ਨ ਉੱਤਰੀ ਤੁਕਾਂ ਪੜ੍ਹਦੇ ਹਾਂ ਤਾਂ ਕਈ ਗੂੜੀਆਂ ਰਮਜ਼ਾਂ ਸਹਿਜੇ ਹੀ ਸਮਝ ਪੈ ਜਾਂਦੀਆਂ ਤੇ ਮਨ ਵਿਸਮਾਦਿਤ ਹੋ ਜਾਂਦਾ ਹੈ। ਜਿਵੇਂ-

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ। ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।
ਫੇਰਿ ਕਿ ਅਗੈ ਰਖੀਐ ਜਿਤ ਦਿਸੈ ਦਰਬਾਰੁ। ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰ।
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ। ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।

ਕਿਆ ਜਾਨਾ ਕਿਵ ਮਰਹਗੇ ਕੈਸਾ ਮਰਣਾ ਹੋਇ। ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ।

ਊਡੇ ਊਡਿ ਆਵੈ ਸੈ ਕੋਸਾ ਤਿਸ ਪਾਛੇ ਬਚਰੇ ਛਰਿਆ। ਤਿਨ ਕਵਣੁ ਖਲਾਵੈ ਕਵਣ ਚੁਗਾਵੈ ਮਨ ਮਹਿ ਸਿਮਰਨੁ ਕਰਿਆ

ਕਿਉ ਪੇਖਾ ਪ੍ਰੀਤਮੁ ਕਵਣ ਸੁਕਰਣੀ ਜੀਉ। ਸੰਤਾ ਦਾਸੀ ਸੇਵਾ ਚਰਣੀ ਜੀਉ।

ਮੈ ਦਸਿਹੁ ਮਾਰਗੁ ਸੰਤਹੁ ਕਿਉ ਪ੍ਰਭੂ ਮਿਲਾਈਆ'। 'ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ।
ਕਉਣ ਤਰਾਜੀ ਕਵਣ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ। ਕਵਣ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ।
-ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫ ਕਮਾਵਾ। ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ।
ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ। ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ।

...ਕਵਣੁ ਸੁ ਅਖਰੁ ਕਵਣ ਗੁਣੁ ਕਵਣੁ ਸੁ ਮਣੀਆ ਮੰਤੁ।
ਕਵਣੁ ਸੁ ਵੇਸੋ ਹਉ ਕਰੀ ਜਿਤ ਵਸਿ ਆਵੈ ਕੰਤੁ।
ਨਿਵਣ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ। ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ।

ਮਹਾਨ ਕੋਸ਼ ਵਿੱਚ ਵੀ ਗੁਰਬਾਣੀ ਵਿੱਚੋਂ ਇਸ ਪ੍ਰਕਾਰ ਦੀਆਂ ਕਈ ਉਦਾਹਰਨਾਂ ਦਿੱਤੀਆਂ ਗਈਆਂ ਹਨ–

ਜਾਇ ਪੁਛਹੁ ਸੁਹਾਗਣੀ ਤੁਸੀਂ ਰਾਵਿਆ ਕਿਨੀ ਗੁਣੀ॥ ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ।
ਸਤਿ ਸੰਗਤਿ ਕੈਸੀ ਜਾਣੀਐ। ਜਿਥੈ ਇਕੋ ਨਾਮੁ ਵਖਾਣੀਐ।
ਦੋਹਾਗਣੀ ਕਿਆ ਨੀਸਾਣੀਆ। ਖਸਮਹੁ ਘੁਥੀਆ ਫਿਰਹਿ ਨਿਮਾਣੀਆ।
ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ। ਕਨਕ ਕਟਕ ਜਲ ਤਰੰਗ ਜੈਸਾ।
ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ। ਅੰਦਰਿ ਸਚੁ ਮੁਖੁ ਉਜਲ ਖਸਮੈ ਮਾਹਿ ਸਮਾਹਿ।

ਮਹਾਨ ਕੋਸ਼ ਵਿੱਚ ਐਂਟਰੀ ਪ੍ਰਸ਼ਨੋਤਰ ਵੀ ਇਸ ਪੱਖ ਤੋਂ ਵਾਚਣ ਯੋਗ ਹੈ–ਪ੍ਰਸ਼ਨ ਅਤੇ ਉਤਰ ਸਵਾਲ ਅਤੇ ਜਵਾਬ। ਜਿਸ ਰਚਨਾ ਵਿੱਚ ਪ੍ਰਸ਼ਨ ਅਤੇ ਉਤਰ ਦਾ ਕ੍ਰਮ ਹੋਵੇ ਉਸ ਥਾਂ ਪ੍ਰਸ਼ਨ– ਉੱਤਰ ਅਲੰਕਾਰ ਹੁੰਦਾ ਹੈ।

ਕੋਈ ਬੂਝੈ ਬਾਤ ਕੋ ਕੋਈ ਉਤਰ ਦੇਤ।
ਪ੍ਰਸ਼ਨੋਤਰ ਤਾ ਕੋ ਕਹਿਤ ਭੁਸ਼ਣ ਸੁਕਵਿ ਸੁਚੇਤ। (ਸ਼ਿਵਰਾਜ ਭੂਸ਼ਣ)
ਰਾਮਾਇਣ ਵਿੱਚੋਂ ਇੱਕ ਕਾਵਿ ਬੰਦ ਇਸ ਅਲੰਕਾਰ ਨੂੰ ਦਰਸਾਉਣ ਵਾਲਾ ਦਿੱਤਾ ਹੈ–

ਆਹ ਹਨੁ ਕਹਿ ਸ੍ਰੀ ਰਘੁਬੀਰ ਕਿਛ ਸੁਧ ਹੈ ਸਿਯ ਕੀ ਛਿਤਿ ਮਾਹੀ।
ਹੈ ਪ੍ਰਭੁ ਲੰਕ ਕਲੰਕ ਬਿਨਾ ਸੁ ਬਸੈ ਤਹਿ ਰਾਵਨਬਾਗ ਕਿ ਛਾਹੀ।
ਜੀਵਤ ਹੈ? ਕਹਿਬੇ ਕੁਇ ਨਾਥ, ਸੁ ਕਯੋ ਨ ਮਰੀ ਹਮ ਤੇ ਬਿਸਰਾਈ?
ਪ੍ਰਾਨ ਬਸੈ ਪਦ ਪੰਕਜ ਮੈ ਯਮ ਆਵਤ ਹੈ ਪਰ ਪਾਵਤ ਨਾਹੀ।

ਇਹ ਗੱਲਾਂ ਬਾਤਾਂ ਕਾਵਿ ਕਲਾ ਦਾ ਅਨੰਦ ਮਾਣਨ ਵਾਲਿਆਂ ਲਈ ਵੀ ਰੋਚਕ ਅਤੇ ਲਾਹੇਵੰਦ ਹਨ। ਪਰ ਅਸੀਂ ਤਾਂ ਇਸ ਸ਼ੈਲੀ ਵਿੱਚ ਦਿੱਤੀਆਂ ਗੁਰਬਾਣੀ ਦੀਆਂ ਪਾਵਨ ਪੰਗਤੀਆਂ ਰਾਹੀਂ ਗੁਰਮਤਿ ਦੀਆਂ ਰਮਜ਼ਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ। ਪਿਆਰੇ ਜੀਓ, ਮੁਆਫ ਕਰਨਾ। ਗੱਲ ਕਿਥੋਂ ਸ਼ੁਰੂ ਹੋਈ ਤੇ ਕਿਥੇ ਪਹੁੰਚ ਗਈ।

-- ਭੁੱਲ ਚੁੱਕ ਖਿਮਾ

# ਸਿੱਖ ਗ੍ਰਹਿਸਤ ਜੀਵਨ ਅਤੇ ਗੁਰਮਤਿ ਸੰਗੀਤ

ਡਾਕਟਰ ਜਾਗੀਰ ਸਿੰਘ

ਸਿੱਖ ਧਰਮ ਇੱਕ ਸਮਾਜਕ ਧਰਮ ਹੈ। ਇਸ ਵਿੱਚ ਗ੍ਰਹਿਸਤ ਜੀਵਨ ਦੀ ਬਹੁੱਤ ਮਹੱਤਤਾ ਹੈ। ਅਸਲ ਵਿੱਚ ਗੁਰਬਾਣੀ ਅਨੁਸਾਰ ਤਾਂ ਧਰਮ ਦਾ ਅਰਥ ਗ੍ਰਹਿਸਤ ਵਿੱਚ ਹੀ ਸਪਸ਼ਟ ਹੁੰਦਾ ਹੈ। ਕਬੀਰ ਜੀ ਧਰਮ ਅਤੇ ਗ੍ਰਹਿਸਤ ਦਾ ਅੰਤਰ ਸੰਬੰਧ ਨਿਸਚਿਤ ਕਰਦੇ ਹੋਏ ਗੁਰ ਸਿੱਖ ਦੀ ਜੀਵਨ ਸ਼ੈਲੀ ਦਾ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ–

ਕਬੀਰ ਜੋ ਗ੍ਰਹਿ ਕਰ ਧਰਮ ਕਰ ਨਹੀ ਤ ਕਰ ਬੈਰਾਗ॥
ਬੈਰਾਗੀ ਬੰਧਨ ਕਰੇ ਤਾ ਕੋ ਬਡੋ ਅਭਾਗ।
(ਸਲੋਕ ਭਗਤ ਕਬੀਰ ਜੀ, ਪੰਨਾ 1367)

ਭਾਈ ਗੁਰਦਾਸ ਜੀ ਨੇ ਵੀ ਇਸੇ ਪ੍ਰਸੰਗ ਵਿੱਚ ਸਪਸ਼ਟ ਕਹਿ ਦਿੱਤਾ ਹੈ ਕਿ ਜੀਵਨ ਜੀਉਣ ਦੀਆਂ ਜੁਗਤਾਂ ਵਿੱਚੋਂ ਗ੍ਰਹਿਸਤ ਜੀਵਨ ਪਰਧਾਨ ਹੈ।

ਗਯਾਨਨ ਮੇ ਗਯਾਨ ਅਰੁ ਧਯਾਨਨ ਮੇ ਧਯਾਨ ਗੁਰੂ,
ਸਕਲ ਧਰਮ ਮੇ ਗ੍ਰਹਿਸਤ ਪਰਧਾਨ ਹੈ॥

ਸਿਖ ਧਰਮ ਅਨੁਸਾਰ ਗ੍ਰਹਿਸਤ ਤੇ ਸੰਗੀਤ ਜ਼ਿੰਦਗੀ ਦੀ ਸਾਰਥਿਕਤਾ ਦੇ ਦੋ ਮਹੱਤਵਪੂਰਨ ਪਹਿਲੂ ਹਨ। ਗੁਰੂ ਸਾਹਿਬਾਨ ਨੇ ਸਿੱਖ ਗ੍ਰਹਿਸਤ ਵਿੱਚ ਗੁਰਮਤਿ ਸੰਗੀਤ ਨੂੰ ਇੰਜ ਓਤ ਪੋਤ ਕਰ ਦਿੱਤਾ ਹੈ ਕਿ ਸਿੱਖ ਇਸ ਤੋਂ ਵੱਖ ਹੋ ਹੀ ਨਹੀਂ ਸਕਦਾ।

ਗੁਰੂ ਸਾਹਿਬ ਨੇ ਲੋਕਾਂ ਦੀ ਮਾਨਸਿਕਤਾ ਅਨੁਸਾਰ ਬਾਣੀ ਦੇ ਕੋਮਲ ਅਤੇ ਸੁਹਜਮਈ ਹਥਿਆਰ ਦਾ ਪ੍ਰਯੋਗ ਕੀਤਾ ਅਤੇ ਲੋਕਾਂ ਦੀਆਂ ਮਾਨਸਿਕ ਬਿਰਤੀਆਂ ਨੂੰ ਬਦਲਣ ਦਾ ਜਤਨ ਅਰੰਭਿਆ। ਉਹਨਾਂ ਨੇ ਵੇਖਿਆ ਕਿ ਲੋਕਾਂ ਦੇ ਮਨ ਕੇਵਲ ਗਲਬਾਤੀ ਉਪਦੇਸ਼ ਦੇਣ ਨਾਲ ਨਹੀ ਬਦਲੇ ਜਾ ਸਕਦੇ । ਇਸ ਲਈ ਉਹਨਾਂ ਨੇ ਬਾਣੀ ਦੇ ਨਾਲ ਨਾਲ ਸੰਗੀਤ ਕਲਾ ਨੂੰ ਵੀ ਸ਼ਾਮਿਲ ਕਰ ਲਿਆ। ਉਸ ਵੇਲੇ ਲੋਕਾਂ ਵਿੱਚ ਪ੍ਰਚਲਤ ਲੋਕ ਸਾਹਿਤ ਅਤੇ ਲੋਕ ਸੰਗੀਤ ਹੀ ਉਹਨਾਂ ਦੇ ਭਾਵਾਂ ਦਾ ਵਿਰੇਚਨ ਕਰਦਾ ਸੀ। ਗੁਰੂ ਸਾਹਿਬ ਨੇ ਉਹਨਾਂ ਦੀਆਂ ਇਹਨਾਂ ਰੁਚੀਆਂ ਦਾ ਪੂਰਾ ਪੂਰਾ ਲਾਭ ਲਿਆ ਅਤੇ ਉਹਨਾਂ ਅੰਦਰ ਸੁਲਘਦੀ ਲੋਕ ਸੰਗੀਤ ਅਤੇ ਲੋਕ ਕਾਵਿ ਦੀ ਚੰਗਿਆੜੀ ਨੂੰ ਆਪਣੀ ਬਾਣੀ ਦੇ ਕੀਰਤਨ ਨਾਲ ਮਘਾਇਆ ਤੇ ਇਸਦੇ ਚਾਨਣ ਵਿੱਚ ਨਵੀ ਚੇਤਨਾ ਨੂੰ ਉਜਾਗਰ ਕੀਤਾ। ਉਹਨਾਂ ਨੇ ਆਪਣੀ ਬਾਣੀ ਲਈ ਜਿਥੇ ਲੋਕ ਬੋਲੀ ਅਤੇ ਲੋਕ ਕਾਵਿ ਰੂਪਾਂ ਦੀ ਵਰਤੋਂ ਕੀਤੀ ਉਥੇ ਲੋਕ ਸੰਗੀਤ ਨੂੰ ਵੀ ਉਸਦੇ ਅੰਗ-ਸੰਗ ਰੱਖਿਆ ਹੈ।

ਸੰਗੀਤ ਕਈ ਪੱਖਾਂ ਤੋਂ ਕਾਵਿ ਕਲਾ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੈ। ਕਾਵਿ ਦੀ ਮੁੱਖ ਸਮੱਗਰੀ ਭਾਸ਼ਾਗਤ ਸ਼ਬਦ ਹੁੰਦਾ ਹੈ। ਸ਼ਬਦ ਦੀ ਮਜਬੂਰੀ ਹੈ ਕਿ ਇਹ ਉਸ ਸਰੋਤੇ ਤੇ ਹੀ ਅਸਰ ਕਰਦਾ ਹੈ ਜਿਹੜਾ ਉਸ ਭਾਸ਼ਾ ਤੋਂ ਜਾਣੂ ਹੋਵੇ ਪਰ ਸੰਗੀਤ ਵਿੱਚ ਨਾਦ ਤੋਂ ਕੰਮ ਲਿਆ ਜਾਂਦਾ ਹੈ ਜਿਹੜਾ ਮਨੁੱਖਾਂ ਨੂੰ ਹੀ ਨਹੀ ਸਗੋਂ ਪਸ਼ੂਪੰਛੀਆਂ ਨੂੰ ਵੀ ਕੀਲ ਲੈਂਦਾ ਹੈ। ਸੰਗੀਤ ਰਤਨਾਕਰ ਵਿੱਚ ਸੰਗੀਤ ਦੀ ਮਹਿਮਾ ਕਰਦਿਆਂ ਦੱਸਿਆ ਹੈ ਕਿ ਪਾਰਵਤੀ ਪਤੀ ਅਤੇ ਦੇਵਤਾ ਗੀਤ ਨਾਲ ਪ੍ਰਸੰਨ ਹੁੰਦੇ ਹਨ। ਅਨੰਤ ਗੋਪੀ ਪਤੀ ਵੀ ਬੰਸਰੀ ਦੀ ਧੁਨ ਦੇ ਵਸ ਹੋ ਗਏ। ਬ੍ਰਹਮਾ ਸਾਮਗਾਨ ਕਰਦੇ ਹਨ। ਸੁਰਸਤੀ ਵੀਣਾ ਵਿੱਚ ਮਗਨ ਹੈ। ਯਕਸ਼, ਗੰਧਰਬ, ਦੇਵ

ਦਾਨਵ ਆਦਿ ਦੀ ਤਾਂ ਗੱਲ ਹੀ ਕੀ ਹੈ, ਵਿਸ਼ੇ ਸਵਾਦਾਂ ਤੋਂ ਕੋਰਾ ਪੰਘੂੜੇ ਵਿੱਚ ਪਿਆ ਰੋਂਦਾ ਹੋਇਆ ਬਾਲ ਵੀ ਗੀਤ ਦਾ ਅੰਮ੍ਰਿਤ ਪੀ ਕੇ ਬੜੀ ਖੁਸ਼ੀ ਪ੍ਰਾਪਤ ਕਰਦਾ ਹੈ। ਹੈਰਾਨੀ ਤਾਂ ਇਹ ਹੈ ਕਿ ਜੰਗਲ ਵਿੱਚ ਘੁੰਮਣ ਵਾਲਾ ਮਿਰਗ ਪਸ਼ੂ ਹੁੰਦਿਆਂ ਵੀ ਸ਼ਿਕਾਰੀ ਦੇ ਸੰਗੀਤ ਵਿੱਚ ਕੀਲੇ ਜਾਣ ਨਾਲ ਆਪਣੀ ਜਾਨ ਗੁਆ ਬਹਿੰਦਾ ਹੈ।

ਪੁਰਾਤਨ ਲੋਕਾਂ ਦਾ ਵਿਸ਼ਵਾਸ ਸੀ ਕਿ ਸੰਗੀਤ ਕੇਵਲ ਖੁਸ਼ੀ ਹੀ ਪ੍ਰਦਾਨ ਨਹੀ ਕਰਦਾ ਸਗੋਂ ਇਸ ਵਿੱਚ ਦੈਵੀ ਸ਼ਕਤੀ ਹੈ ਜਿਸ ਕਰਕੇ ਇਹ ਫਸਲਾਂ ਦਾ ਵਾਧਾ ਅਤੇ ਬਰਖਾ ਲਿਆਉਣ ਦਾ ਕਾਰਜ ਵੀ ਕਰਦਾ ਹੈ ਉਹਨਾਂ ਅਨੁਸਾਰ ਸੰਗੀਤ ਪ੍ਰਮਾਤਮਾ ਦੀ ਦਾਤ ਸੀ।

ਸੰਗੀਤ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਨਾਦ ਵੱਲ ਖਿੱਚ ਲੈਂਦਾ ਹੈ ਤੇ ਮਨੁੱਖੀ ਮਨ ਸੰਮੋਹਨ ਸ਼ਕਤੀ ਸਦਕਾ ਉਸ ਨਾਦ-ਪ੍ਰਵਾਹ ਦੇ ਨਾਲ ਨਾਲ ਤੁਰੀ ਜਾਂਦਾ ਹੈ ਇਸ ਤਰ੍ਹਾਂ ਮਨੁੱਖ ਆਪਣੇ ਅੰਦਰੂਨੀ ਅਨੰਦ ਵਿੱਚ ਮਗਨ ਹੋਇਆ ਗੋਚਰ ਸੰਸਾਰ ਤੋਂ ਅਤੀਤ ਮੰਡਲਾਂ ਵਿੱਚ ਵਿਚਰਦਾ ਹੈ। ਸੰਗੀਤ ਦੇ ਅਨੰਦ ਨੂੰ ਮਾਣਨ ਲਈ ਸਰੋਤੇ ਨੂੰ ਕੇਵਲ ਜੀਵਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਸੁਰ ਪ੍ਰਵਾਹ ਦੇ ਹਵਾਲੇ ਹੋ ਜਾਣ ਦੀ ਲੋੜ ਹੈ। ਸੰਗੀਤ ਅਸਲ ਵਿੱਚ ਮਨੁੱਖ ਦੇ ਹਿਰਦੇ ਦੀ ਭਾਸ਼ਾ ਹੈ ਅਤੇ ਮਨੁੱਖ ਦੇ ਮਨ ਨੂੰ ਪ੍ਰਸੰਨ ਕਰਨ ਲਈ ਸੰਗੀਤ ਨਾਲੋਂ ਵੱਧ ਕੇ ਹੋਰ ਕੋਈ ਸਾਧਨ ਨਹੀਂ ਹੈ। ਜਿਹੜੇ ਮਨੁੱਖ ਸੰਗੀਤ ਨਾਲ ਵੀ ਦ੍ਰਵਿਤ ਨਹੀ ਹੁੰਦੇ ਸ਼ੈਕਸਪੀਅਰ ਉਹਨਾਂ ਨੂੰ ਖਤਰਨਾਕ ਦਸਦਾ ਹੈ ਅਤੇ ਕਹਿੰਦਾ ਹੈ ਕਿ ਅਜੇਹੇ ਮਨੁੱਖਾਂ ਤੇ ਵਿਸ਼ਵਾਸ ਨਹੀ ਕੀਤਾ ਜਾਣਾ ਚਾਹੀਦਾ।

ਯਗਿਆਵਾਲਕ ਨੇ ਤਾਂ ਸੰਗੀਤ ਨੂੰ ਮੁਕਤੀ ਦਾਤਾ ਮੰਨਿਆ ਹੈ ਉਸ ਅਨੁਸਾਰ, ਜਿਹੜਾ ਵੀਣਾ ਵਾਦਨ ਦੇ ਤੱਤ ਨੂੰ ਜਾਣਦਾ ਹੈ, ਜਿਹੜਾ ਸ਼ਰੁਤੀ ਅਤੇ ਜਾਤੀਆਂ ਦਾ ਗਿਆਨ ਰੱਖਦਾ ਹੈ, ਜਿਹੜਾ ਤਾਲ ਗਿਆਤਾ ਹੈ ਉਹ ਬਿਨਾਂ ਜਤਨ ਦੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ।" ਸੰਗੀਤ ਮਨ ਨੂੰ ਭਟਕਣ ਤੋਂ ਬਚਾਉਂਦਾ ਹੈ। ਜਿਸ ਤਰ੍ਹਾਂ ਮੂੰਹ ਵਿੱਚ ਸੱਤੂ ਹੋਣ ਤਾਂ ਹੱਸਣਾ ਅਸੰਭਵ ਹੈ ਓਸੇ ਤਰ੍ਹਾਂ ਗਾਉਣ ਵੇਲੇ ਮਨ ਦਾ ਭਟਕਣਾ ਅਸੰਭਵ ਹੈ। ਸੰਗੀਤ ਮਨੁੱਖਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦਾ ਹੈ ਅਤੇ ਉਹਨਾਂ ਵਿੱਚ ਸਮੂਹਕ ਚੇਤਨਾ ਦਾ ਸੰਚਾਰ ਕਰਦਾ ਹੈ।

ਜਦੋਂ ਕਾਵਿ ਨਾਲ ਸੰਗੀਤ ਦਾ ਸੁਮੇਲ ਕੀਤਾ ਜਾਂਦਾ ਹੈ ਤਾਂ ਕਾਵਿ ਦਾ ਅਰਥ ਸਮਝਣ ਸਮਝਾਉਣ ਦੀ ਲੋੜ ਨਹੀਂ ਪੈਂਦੀ ਸਗੋਂ ਭਾਵ ਆਪਣੇ ਆਪ ਹਿਰਦੇ ਵਿੱਚ ਵਸ ਜਾਂਦਾ ਹੈ। ਪੰਡਤ ਓਅੰਕਾਰ ਨਾਥ ਠਾਕੁਰ ਲਿਖਦੇ ਹਨ, "ਸਾਰੇ ਜਾਣਦੇ ਹਨ ਕਿ ਸੰਗੀਤ ਵਿੱਚ ਸ਼ਬਦ ਦੇ ਅਰਥ ਦਾ ਬੋਧ ਹੋਏ ਬਿਨਾਂ ਹੀ ਭਾਵ ਜਾਂ ਰਸ ਦੀ ਪ੍ਰਤੀਤੀ ਹੋ ਜਾਂਦੀ ਹੈ।" ਕਵਿਤਾ ਉਪਰ ਸੰਗੀਤ ਦੇ ਪ੍ਰਭਾਵ ਦਾ ਸਮਰਥਨ ਸੰਗੀਤਕਾਰ ਹੀ ਨਹੀਂ ਸਗੋਂ ਸਾਹਿਤਕਾਰ ਵੀ ਕਰਦੇ ਹਨ। ਡਾਕਟਰ ਹਰਿਭਜਨ ਸਿੰਘ ਲਿਖਦੇ ਹਨ, "ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਗੀਤ ਕਾਵਿ ਰਚਨਾ ਦੇ ਪਰਭਾਵ ਨੂੰ ਤੀਖਣ ਕਰਦਾ ਹੈ।"

ਸੰਗੀਤ ਵਿੱਚ ਸੁਰ ਪ੍ਰਧਾਨ ਹੈ ਅਤੇ ਕਾਵਿ ਵਿੱਚ ਸ਼ਬਦ ਪ੍ਰਧਾਨ, ਪਰ ਸ੍ਰੇਸ਼ਟ ਕਾਵਿ ਵਿੱਚ ਗਾਇਨ ਦਾ ਵੀ ਘਟ ਉਪਯੋਗ ਨਹੀਂ। ਸੰਗੀਤ ਭਾਵੇਂ ਸੁਤੰਤਰ ਕਲਾ ਹੈ, ਪਰ ਕਵਿਤਾ ਵਿੱਚ ਉਹ ਸ਼ਬਦ ਨਾਲ ਮਿਲਕੇ ਹੀ ਸਾਰਥਕ ਹੁੰਦੀ ਰੁ। ਪ੍ਰਾਚੀਨ ਵਿਦਵਾਨਾਂ ਨੇ ਗੀਤ, ਨ੍ਰਿਤ ਅਤੇ ਵਾਦਨ ਨੂੰ ਸੰਗੀਤ ਵਿੱਚ ਹੀ ਸ਼ਾਮਲ ਕੀਤਾ ਹੈ ਕਿਉਂਕਿ ਤਿੰਨਾਂ ਦਾ ਮੂਲ ਅਧਾਰ ਗਤੀ ਹੈ। ਇਹੋ ਗਤੀ ਛੰਦ ਪਦਤੀ ਰਾਹੀਂ ਪ੍ਰਗਟ ਹੁੰਦੀ ਹੈ। ਸੰਗੀਤ ਕੇਵਲ ਕਵਿਤਾ ਨੂੰ ਹੀ ਪ੍ਰਭਾਵਸ਼ਾਲੀ ਨਹੀਂ ਬਣਾਉਂਦਾ ਸਗੋਂ ਆਮ ਗੱਲਬਾਤ ਵਿੱਚ ਵੀ ਸੰਗੀਤਕ ਤੱਤਾਂ ਦੇ ਪ੍ਰਯੋਗ ਕਰਕੇ ਉਸਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਲਲਿਤ ਕਿਸ਼ੋਰ ਸਿੰਘ ਲਿਖਦੇ ਹਨ, "ਅੱਜ ਵੀ ਇਹ ਵੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਵਿਚਾਰ ਨੂੰ ਭਾਵ ਭਰਪੂਰ ਕਰਨਾ ਹੁੰਦਾ ਹੈ ਤਾਂ ਵਕਤਾ ਇੱਕ ਸੁਰ ਦੀ ਥਾਂ ਕਈ ਸੁਰਾਂ ਦੀ ਅਰੋਹੀ-ਅਵਰੋਹੀ ਜਾਂ ਲੈਅ ਤੋਂ ਕੰਮ ਲੈਂਦਾ ਹੈ ਅਰਥਾਤ ਸਾਰਥਕ ਵਾਕਾਂ ਵਿੱਚ ਸੰਗੀਤ ਦਾ ਪੁੱਟ ਪਾਉਂਦਾ ਹੈ।" ਇਸ ਤਰ੍ਹਾਂ ਸੰਗੀਤ ਤੇ ਭਾਸ਼ਾ ਦੋਵੇਂ ਅੰਤਰ ਸੰਬੰਧਤ ਸਾਬਤ ਹੁੰਦੇ ਹਨ। ਇਸ ਬਾਰੇ ਭਗਵਤ ਸ਼ਰਨ ਉਪਾਧਿਆਇ ਦਾ ਇਹ ਕਥਨ ਵੀ ਵਰਣਨਯੋਗ ਹੈ, "ਸੰਗੀਤ ਅਤੇ ਸਾਹਿਤ ਵਿੱਚ ਗੂੜਾ ਸੰਬੰਧ

ਹੈ। ਸਾਹਿਤ ਸੰਗੀਤ ਨੂੰ ਬੋਲੀ ਦਿੰਦਾ ਹੈ। ਸੰਗੀਤ ਉਸ ਨੂੰ ਆਪਣੀ ਲੈਅ ਤੇ ਤਰੰਗਤ ਕਰਕੇ ਉਸਨੂੰ ਅਸੀਮ ਕਰ ਦਿੰਦਾ ਹੈ।" ਇਸੇ ਲਈ ਡਾ. ਉਮਾ ਮਿਸ਼ਰ ਨੇ ਕਿਹਾ ਹੈ, "ਕਵਿਤਾ ਜਦੋਂ ਤਕ ਗਾਈ ਨਹੀਂ ਜਾਂਦੀ ਉਦੋਂ ਤਕ ਉਹ ਆਪਣਾ ਪੂਰਾ ਪ੍ਰਭਾਵ ਨਹੀਂ ਪਾ ਸਕਦੀ ਅਤੇ ਸੰਗੀਤ ਵੀ ਜਦੋਂ ਤਕ ਗੀਤ ਦਾ ਸੰਗ ਨਹੀਂ ਮਾਣਦਾ ਉਦੋਂ ਤਕ ਪੂਰੀ ਤਰ੍ਹਾਂ ਪ੍ਰਭਾਵ ਪੈਦਾ ਕਰਨ ਦੇ ਕਾਬਲ ਨਹੀਂ ਹੋ ਸਕਦਾ।"

ਜਿਸ ਸੰਗੀਤ ਕਲਾ ਵਿੱਚ ਇਤਨੀ ਸ਼ਕਤੀ ਹੈ ਕੁਦਰਤੀ ਸੀ ਕਿ ਗੁਰੂ ਨਾਨਕ ਦੇਵ ਜੀ ਇਸ ਦਾ ਉਪਯੋਗ ਕਰਦੇ। ਸੋ ਉਹਨਾਂ ਨੇ ਆਪਣੀ ਕਾਵਿ ਬਾਣੀ ਨੂੰ ਸੰਗੀਤ ਨਾਲ ਸੰਬੰਧਤ ਕਰਕੇ ਗਾਇਆ ਤੇ ਜੋ ਉਸਦਾ ਜੋ ਅਸਰ ਹੋਇਆ ਉਸ ਸੰਬਧੀ ਭਾਈ ਵੀਰ ਸਿੰਘ ਜੀ ਦਾ ਕਥਨ ਹੈ, "ਜਦੋਂ ਸੁਣਨ ਵਾਲਿਆਂ ਦੇ ਮਨ ਨਾ ਪੰਘਰੇ ਯਾ ਬਹੁਤ ਪਥਰਾਈ ਕਾਰਨ ਜ਼ੋਰ ਲਾਉਂਦਿਆਂ ਬੀ ਪੰਘਰਨੋ ਅੜ ਪਲੋਤੇ ਤਾਂ ਰੰਗ ਰਤੜੇ ਦਾਤਾ ਗੁਰੂ ਜੀ ਨੇ ਆਪਣੇ ਅੰਦਰ ਦੀਆਂ ਡੂੰਘਾਈਆ ਵਿੱਚ ਗੋਤਾ ਲਾਇਆ ਅਤੇ ਰਤਨਾਂ ਜਵਾਹਰਾਂ ਮੋਤੀਆਂ ਨਾਲ ਡੁਲ੍ਹ ਡੁਲ੍ਹ ਪੈਂਦੇ ਅਰਸ਼ੀ ਸੁੰਦਰਤਾ ਨਾਲ ਚਮਕਦੇ ਤੇ ਸੂਰਜ ਵਰਗੇ ਤੇਜ਼ ਨਾਲ ਚਮਕਦੇ ਬਾਹਰ ਨਿਕਲੇ। ਤੇਜ਼ ਦਾ ਅਸਰ ਚੁਫੇਰੇ ਪਾਇਆ ਤੇ ਸੰਗੀਤਕ ਲਹਿਰ ਵਿੱਚ ਆ ਕੇ ਉਹਨਾਂ ਦੇ ਇਲਾਹੀ ਗਲੇ ਤੋਂ ਛਿੜ ਪਿਆ ਇਲਾਹੀ ਨਾਦ। ਉਸ ਤੇਜ ਨਾਲ ਉਸ ਸੰਗੀਤ ਲਹਿਰਾਉਂਦੀ ਛੁਹ ਨਾਲ ਉਹ ਪੰਘਰੇ ਮਨ ਦ੍ਰਵ ਕੇ ਵਹਿ ਕੇ ਤੁਰੇ ਤੇ ਵਹਿ ਜਾ ਕੇ ਮਿਲੇ :

ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ ॥"

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1374)

ਐਸੇ ਚਮਤਕਾਰੀ ਕੀਰਤਨ ਨੂੰ ਗੁਰੂ ਸਾਹਿਬ ਨੇ ਹਰ ਇੱਕ ਘਰ ਦੇ ਰੋਜ਼ਾਨਾ ਦੇ ਜੀਵਨ ਵਿੱਚ ਸ਼ਾਮਲ ਕਰ ਦਿੱਤਾ। ਇਸੇ ਲਈ ਭਾਈ ਗੁਰਦਾਸ ਜੀ ਨੇ ਉਚਾਰਿਆ–

ਘਰਿ ਘਰਿ ਅੰਦਰਿ ਧਰਮਸਾਲ
ਹੋਵੈ ਕੀਰਤਨੁ ਸਦਾ ਵਿਸੋਆ। ( ਵਾਰ 1, ਪਉੜੀ 26/6)

ਗੁਰਮਤਿ ਵਿੱਚ ਗ੍ਰਹਿਸਤੀ ਦਾ ਗੁਰਦੁਆਰੇ ਜਾ ਕੇ ਸਤਸੰਗ ਕਰਨਾ ਜ਼ਰੂਰੀ ਦੱਸਿਆ ਹੈ। ਭਾਈ ਗੁਰਦਾਸ ਜੀ ਇਸੇ ਕਰਕੇ ਗੁਰਦਆਰੇ ਅਰਥਾਤ ਧਰਮਸਾਲ ਅਤੇ ਗੁਰਸਿੱਖ ਦੀ ਮਹਿਮਾ ਕਰਦੇ ਲਿਖਦੇ ਹਨ–

ਧਰਮਸਾਲ ਹੈ ਮਾਨਸਰੁ, ਹੰਸ ਗੁਰਸਿਖ ਵਾਹੁ।
ਰਤਨ ਪਦਾਰਥ ਗੁਰ ਸਬਦੁ ਕਰਿ ਕੀਰਤਨੁ ਖਾਹੁ। ਵਾਰ 9, ਪਉੜੀ 14)

ਗ੍ਰਹਿਸਥੀ ਗੁਰਸਿੱਖ ਲਈ ਕੀਰਤਨ ਵੀ ਇੱਕ ਆਹਰ ਹੈ। ਜਿਵੇਂ ਭੋਜਨ ਪਦਾਰਥ ਸਰੀਰ ਲਈ ਖੁਰਾਕ ਹਨ ਇਸੇ ਤਰ੍ਹਾਂ ਕੀਰਤਨ ਵੀ ਰੂਹ ਲਈ ਅਮੁਲੀ ਖੁਰਾਕ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਸਿੱਖ ਦੇ ਰੋਜ਼ਾਨਾ ਜੀਵਨ ਵਿੱਚ ਗੁਰਬਾਣੀ ਗਾਇਨ ਨੂੰ ਇੱਕ ਨਿਤਨੇਮ ਵਜੋਂ ਸ਼ਾਮਲ ਕੀਤਾ ਹੈ–

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮ ਧਿਆਵੈ ॥

(ਗੁਰੂ ਗ੍ਰੰਥ ਸਾਹਿਬ, ਪੰਨਾ 305)ਗੁਰਬਾਣੀ ਅਨੁਸਾਰ ਉਸ ਦੇ ਘਰ ਵਿੱਚ ਖੁਸ਼ੀ ਦਾ ਵਾਸ ਹੁੰਦਾ ਹੈ ਜਿਸ ਦੇ ਘਰ ਵਿੱਚ ਕੀਰਤਨ ਹੁੰਦਾ ਹੈ–

ਗ੍ਰਿਹਿ ਤਾ ਕੇ ਬਸੰਤੁ ਗਨੀ ॥
ਜਾ ਕੇ ਕੀਰਤਨੁ ਹਰਿ ਧੁਨੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1180)

ਅਤੇ ਗੁਰੂ ਸਾਹਿਬ ਉਸ ਗ੍ਰਹਿਸਤੀ ਨੂੰ ਨਿਰਬਾਨ ਪਦ ਦਾ ਧਾਰਨੀ ਦਸਦੇ ਹਨ ਜਿਸ ਦੇ ਘਰ ਵਿੱਚ ਕੀਰਤਨ ਹੁੰਦਾ ਹੈ–

ਅਨਦਿਨ ਕੀਰਤਨੁ ਕੇਵਲ ਬਖਾਨ॥
ਗ੍ਰਿਹਸਤ ਮਹਿ ਸੋਈ ਨਿਰਬਾਨ।। (ਗਉੜੀ ਸੁਖਮਨੀ, ਮਹਲਾ 5, ਪੰਨਾ )

ਗੁਰਮਤਿ ਸਾਹਿਤ ਵਿੱਚ ਗੁਰੂ ਸਾਹਬਿਾਨ ਵੱਲੋ ਗ੍ਰਹਿਸਤ ਜੀਵਨ ਵਿੱਚ ਕੀਰਤਨ ਦੀ ਮਹੱਤਤਾ ਦਰਸਾਉਣ ਲਈ ਅਨੇਕਾਂ ਹਵਾਲੇ ਪ੍ਰਾਪਤ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਜਦੋਂ ਸੁਲਤਾਨ ਪੁਰ ਮੋਦੀ ਖਾਨੇ ਵਿੱਚ ਨੌਕਰੀ ਕਰਦੇ ਸਨ ਤਾਂ ਉਹ ਸਵੇਰ ਸ਼ਾਮ ਕੀਰਤਨ ਜ਼ਰੂਰ ਕਰਦੇ ਸਨ। ਵਲਾਇਤ ਵਾਲੀ ਜਨਮ ਸਾਖੀ ਅਨੁਸਾਰ–ਜੋ ਕਿਛੁ ਅਲੂਫਾ ਗੁਰੂ ਜੋਗ ਮਿਲੇ ਸੋ ਖਾਵੈ, ਹੋਰ ਪਰਮੇਸਰ ਦੇ ਅਰਥ ਦੇਵੇ ਅਤੇ ਨਿਤਾ ਪ੍ਰਤੀ ਰਾਤ ਕਉ ਕੀਰਤਨ ਹੋਵੈ।

ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਵੀ ਰਾਤ ਦਿਨ ਕੀਰਤਨ ਕਰਨ ਦਾ ਜ਼ਿਕਰ ਹੋਇਆ ਹੈ–

ਆਪ ਬਾਬਾ ਨਾਨਕੁ ਜੀ ਰਾਤਿ ਕੈ ਸਮੇ ਕੀਰਤਨ ਕਰੈ ਕਰਾਇ ਅਰੁ ਪਿਛਲੀ ਰਾਤਿ ਨਾਵਣਿ ਜਾਇ। ਨਾਇ ਕਰਿ ਕਰਿ ਆਇ ਉਪਰਿ ਸਿਮਰਨੁ ਕੀਰਤਨੁ ਕਰੈ।

ਕੀਰਤਨ ਗੁਰੂ ਨਾਨਕ ਦੇਵ ਜੀ ਦਾ ਨਿਤ ਨੇਮ ਅਤੇ ਜੀਵਨ ਦਾ ਅਟੁੱਟ ਅੰਗ ਸੀ ਉਹ ਕੀਰਤਨ ਤੋਂ ਬਿਨਾਂ ਰੋਟੀ ਵੀ ਨਹੀਂ ਖਾਂਦੇ। ਜਨਮ ਸਾਖੀ ਵਿੱਚ ਇੱਕ ਰਾਤ ਦਾ ਜ਼ਿਕਰ ਕਰਦਿਆਂ ਬੜਾ ਵਧੀਆ ਲਿਖਿਆ ਹੈ–

ਤਬ ਰਸੋਈਏ ਕਹਿਆ ਜਿ, ਬਾਬਾ ਨਾਨਕੁ ਜੀ। ਰਸੋਈ ਬਡੀ ਬੇਰ ਕੀ ਹੋਈ ਪੜੀ ਹੈ, ਤੂ ਉਠਿ ਕਪੜੇ ਉਤਾਰਹੁ, ਪਰਸਾਦੁ ਲੇਹੁ। ਤਬ ਗੁਰੂ ਬਾਬੇ ਨਾਨਕ ਕਹਿਆ ਜੇ, ਸੁਆਮੀ ਜੀ ਪਰਸਾਦੁ ਤਉ ਜੇਮੀਐਗਾ, ਪਣੁ ਕੀਰਤਨੁ ਨਾਹੀ ਕੀਤਾ। ਕਹੈ ਜੀ, ਸਵੇਰੇ ਆਈ ਦਾ ਤਾਂ ਜੇਵਿ ਕਰਿ, ਸਵੇਰੇ ਐਤੁ ਵਖਤਿ ਕੀਰਤਨ ਕਰਿ ਸਵੀਦਾ, ਹੁਣੁ ਜੇਵਿ ਕਰਿ ਸੰਵਿ ਰਹੀਐ। ਤਬਿ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਗੈਰ ਸਾਲ ਗਲ ਆਖੀਆ, ਸੰਵੀਐ ਕਿਉ ਕਰਿ? ਜੇਵਿ ਕਰਿ ਕੀਰਤਨੁ ਕਰੀਐ।

ਗੁਰੂ ਨਾਨਕ ਦੇਵ ਜੀ ਨੇ ਕੀਰਤਨ ਕਰਨ ਦੀ ਇਹ ਰੀਤ ਸਦਾ ਕਾਇਮ ਰੱਖੀ ਉਦਾਸੀਆਂ ਤੋਂ ਬਾਦ ਜਦੋਂ ਕਰਤਾਰ ਪੁਰ ਵਸਾਇਆ ਤਾਂ ਉਥੇ ਵੀ ਸਵੇਰ ਸ਼ਾਮ ਕੀਰਤਨ ਹੁੰਦਾ ਸੀ। ਗਿਆਨ ਰਤਨਾਵਲੀ ਵਿੱਚ ਲਿਖਿਆ ਹੈ–

ਕਰਤਾਰ ਪੁਰ ਵਿੱਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ, ਉਪਰੰਤ ਕੀਰਤਨ ਹੋਵੇ, ਫੇਰ ਆਰਤੀ ਪੜ੍ਹੀਏ, ਤੀਸਰੇ ਪਹਿਰ ਕੀਰਤਨ ਕਰੀਏ, ਸੰਧਿਆ ਨੂੰ ਰਹਿਰਾਸ ਪੜ੍ਹੀਏ, ਫੇਰ ਕੀਰਤਨ ਗਾਵੀਏ ਅਤੇ ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਰ ਫੇਰ ਪਿਛਲੀ ਰਾਤ ਜਪੁ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ।(ਗੁਰਮਤ ਮਾਰਤੰਡ, ਪੰਨਾ 641)

ਗੁਰੂ ਸਾਹਿਬ ਦੇ ਦੋ ਗ੍ਰਹਿਸਤੀ ਸਿੱਖਾਂ ਨਾਲ ਕੀਰਤਨ ਸਬੰਧੀ ਕੀਤੀ ਚਰਚਾ ਮਿਲਦੀ ਹੈ– ਸਿੱਖਾਂ ਦੀ ਭਗਤਮਾਲਾ ਵਿਚ ਮਾਲੋ ਅਤੇ ਮਾਂਗਾ ਦੋ ਸਿੱਖਾਂ ਦੀ ਸਾਖੀ ਵਿਚ ਬਾਕੀ ਕਰਮਾਂ ਦੇ ਮੁਕਾਬਲੇ ਤੇ ਕੀਰਤਨ ਫਲ ਦੀ ਮਹਿਮਾਂ ਨੂੰ ਬੜੇ ਸੁੰਦਰ ਦ੍ਰਿਸ਼ਟਾਂਤਾਂ ਨਾਲ ਵਾਰਤਲਾਪ ਰੂਪ ਵਿਚ ਇਉਂ ਦਰਸਾਇਆ ਗਿਆ ਹੈ:

–ਤੁਸਾਂ ਬਚਨ ਕੀਤਾ ਹੈ ਜੇ ਕਰਮ ਸੁਗਮ ਹੈ ਕਥਾ ਕੀਰਤਨ, ਤੇ ਫਲੁ ਵਡਾ ਹੈ, ਏਹ ਅਸਾਡੇ ਸਮਝ ਵਿਚ ਕੈਸੇ ਆਵੇ? ਬਚਨ ਹੋਇਆ ਜੋ ਲਕੜਹਾਰੇ ਲੱਕੜੀਆਂ ਲਿਆਂਦੇ ਹੈਨਿ ਤੇ ਪਾਂਡੀ ਪੰਡਾਂ ਲਿਆਵੰਦੇ ਹੈਨ, ਸੋ ਮਜੂਰੀ ਵੱਡੀ ਕਰਦੇ ਹੈਨ ਤੇ ਨਫਾ ਥੋੜ੍ਹਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨ, ਮਜੂਰੀ ਓਨ੍ਹਾਂ ਦੀ ਥੋੜੀ ਹੁੰਦੀ ਹੈ ਤੇ ਨਫਾ ਵਧੀਕ ਹੁੰਦਾ ਹੈ ਤੇ ਸਰਾਫ ਤੇ ਬਜਾਜ ਓਨ੍ਹਾਂ ਥੀਂ ਭੀ ਮਜੂਰੀ ਘਟ ਕਰਦੇ ਹੈਨਿ, ਭੂਖਣਾ

ਤੇ ਰੁਪਯਾਂ ਦਾ ਸੌਦਾ ਕਰਦੇ ਹੈਨਿ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹੈਨਿ ਤੇ ਸੁਖ ਨਾਲਿ ਬੈਠੇ ਰਹਿੰਦੇ ਹਨ, ਪਰ ਨਫਾ ਬਹੁਤ ਉਨ੍ਹਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿਖਦਾ ਹੈ। ਤੈਸੇ ਹੋਰ ਜੋ ਤਪ ਹੈਨਿ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ, ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਕਥਾ ਕੀਰਤਨ ਦੇ ਪੜ੍ਹਨ ਸੁਣਨ ਕਰ ਪ੍ਰਿਥਮੈ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ, ਪਿੱਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੇ ਇਹ ਸਾਂਤਕੀ ਤਪ ਹੈ ਨਫਾ ਬਹੁਤ ਹੈ ਤਾਂ ਏਹੁ ਬਚਨੁ ਸੁਣਕੇ ਭਾਈ ਮਾਲੋ ਪੋਥੀ ਗੁਰੂ ਕੀ ਬਾਣੀ ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁੱਖ ਬੈਠ ਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੈ ਸੁਣੈ, ਤੇ ਦੋਨੋ ਮਿਲ ਕੇ ਫੇਰ ਕੀਰਤਨ ਕਰਨਿ, ਤਾਂ ਓਨ੍ਹਾਂ ਦੀ ਰਸਨਾ ਥੀਂ ਐਸਾ ਸਭ ਸਿੱਖਾਂ ਨੂੰ ਰਸ ਆਵੈ ਕਿ ਜੋ ਕੋਈ ਸੁਣੇ, ਸਭ ਪਾਪਾਂ ਦਾ ਤਿਆਗੁ ਕਰਨਿ।

ਸਿੱਖ ਸਮਾਜ ਦੀਆਂ ਲਗਭਗ ਸਾਰੀਆਂ ਰਸਮਾਂ ਰੀਤਾਂ ਵਿੱਚ ਕੀਰਤਨ ਦੀ ਮੁੱਖ ਭੂਮਿਕਾ ਹੁੰਦੀ ਹੈ। ਜਦੋਂ ਸਿੱਖ ਦੇ ਘਰ ਬੱਚਾ ਜਨਮ ਲੈਂਦਾ ਹੈ ਸਿੱਖ ਆਪਣੇ ਬੱਚੇ ਦੇ ਨਾਮ ਕਰਨ ਲਈ ਗੁਰੂ ਦੀ ਓਟ ਲੈਂਦਾ ਹੈ। ਆਮ ਤੌਰ ਤੇ ਘਰ ਵਿੱਚ ਖੁਸ਼ੀ ਮਨਾਈ ਜਾਂਦੀ ਹੈ ਤੇ ਸਮਾਗਮ ਕੀਤਾ ਜਾਂਦਾ ਹੈ। ਇਸ ਸਮਾਗਮ ਵਿੱਚ ਕੀਰਤਨ ਜ਼ਰੂਰ ਹੁੰਦਾ ਹੈ। ਕੀਰਤਨੀਏ ਕੀਰਤਨ ਕਰਦੇ ਹਨ। ਸਿਆਣੇ ਕੀਰਤਨੀਏ ਰਾਗ ਆਸਾ ਵਿੱਚ ਸ਼ਬਦ ਗਾਇਨ ਕਰਦੇ ਹਨ–

ਸਤਿਗੁਰ ਸਾਚੈ ਦੀਆ ਭੇਜਿ।
ਚਿਰੁ ਜੀਵਨੁ ਉਪਜਿਆ ਸੰਜੋਗਿ।
(ਗੁਰੂ ਗ੍ਰੰਥ ਸਾਹਿਬ ਪੰਨਾ 396)

ਰਾਗ ਗੂਜਰੀ ਵਿੱਚ ਹੇਠ ਲਿਖਿਆ ਸ਼ਬਦ ਗਾਇਨ ਕੀਤਾ ਜਾਂਦਾ ਹੈ–

ਪੂਤਾ ਮਾਤਾ ਕੀ ਆਸੀਸ॥
ਨਿਮਖ ਨ ਬਿਸਰਉ ਤੁਮ ਕੋ ਹਰਿ ਹਰਿ ਸਦਾ ਭਜਉ ਜਗਦੀਸ।
(ਗੁਰੂ ਗ੍ਰੰਥ ਸਾਹਿਬ ਪੰਨਾ 496)

ਬੱਚਾ ਜਵਾਨ ਹੁੰਦਾ ਹੈ। ਉਸ ਦੇ ਵਿਆਹ ਦੀਆਂ ਤਿਆਰੀਆਂ ਕੀਤੀਆਂ ਜਾਂਦੀਆਂ ਹਨ। ਉਸ ਦੀ ਕੁੜਮਾਈ ਕੀਤੀ ਜਾਂਦੀ ਹੈ। ਸਮਾਗਮ ਹੁੰਦਾ ਹੈ ਕੀਰਤਨੀਏ ਹੋਰ ਸ਼ਬਦਾਂ ਦੇ ਨਾਲ ਨਾਲ ਇਹ ਸ਼ਬਦ ਵੀ ਗਾਇਨ ਕਰਦੇ ਹਨ–

ਸਤੁ ਸੰਤੋਖੁ ਕਰਿ ਭਾਉ
ਕੁੜਮੁ ਕੁੜਮਾਈ ਆਇਆ ਬਲਰਾਮ ਜੀਉ।
(ਗੁਰੂ ਗ੍ਰੰਥ ਸਾਹਿਬ ਪੰਨਾ 773)

ਵਿਆਹ ਦੀ ਰਸਮ ਤਾਂ ਗੁਰਮਤਿ ਸੰਗੀਤ ਤੋਂ ਬਿਨਾ ਸੋਚੀ ਵੀ ਨਹੀਂ ਜਾ ਸਕਦੀ। ਇਸ ਸਮੇਂ ਜਦੋਂ ਬਰਾਤ ਦਾ ਢੁਕਾਉ ਹੁੰਦਾ ਹੈ ਤਾਂ ਮਿਲਣੀ ਵੇਲੇ ਹੇਠ ਲਿਖਿਆ ਛੰਤ ਗਾਇਆ ਜਾਂਦਾ ਹੈ–

ਹਮ ਘਰਿ ਸਾਜਨ ਆਏ। ਸਾਚੈ ਮੇਲਿ ਮਿਲਾਏ।
(ਗੁਰੂ ਗ੍ਰੰਥ ਸਾਹਿਬ ਪੰਨਾ 764)

ਪਲਾ ਫੜਾਉਣ ਵੇਲੇ।

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ
ਛੋੜਿਆ ਹਭੁ ਕਿਛੁ ਤਿਆਗੀ।।
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ। (ਗੁਰੂ ਗ੍ਰੰਥ ਸਾਹਿਬ ਪੰਨਾ 763)

ਜਨਮ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਆਪਣੇ ਵਿਆਹ ਸਮੇਂ ਕਿਵੇਂ ਆਪ ਨੇ ਇਹਨਾਂ ਛੰਦਾਂ ਦਾ ਕੀਰਤਨ

ਕੀਤਾ ਇਹ ਪ੍ਰਸੰਗ ਬੜੇ ਭਾਵ ਪੂਰਤ ਢੰਗ ਨਾਲ ਬਿਆਨ ਕੀਤਾ ਹੈ-

ਤਬ ਉਨਹੁ ਇਸਤ੍ਰੀਅਹ ਜਿ ਭਲੇ ਘਰਿ ਮਹਿ ਮਿਲਿ ਕਰਿ ਸੋਹਿਲੇ ਗਾਏ। ਤਬ ਗੁਰੂ ਬਾਬਾ ਨਾਨਕ ਉਹਨਾ ਕਾ ਰਾਗੁ ਸੁਨਿ ਕਰਿ ਖੁਸੀ ਭੈਆ ਜਿ, ਭਾਈ ਏ ਇਸਤ੍ਰੀਆਂ ਖੁਸੀ ਹੋਇ ਹੋਇ ਮਾਨੁਖ ਕੇ ਸੋਹਿਲੇ ਕਿਉ ਗਾਵਦੀਆਂ ਹੈਨਿ, ਮੈ ਆਪਨੇ ਲਾਲ ਕੇ ਸੋਹਿਲੇ ਕਿਉ ਨਾਹੀ ਗਾਵਤਾ, ਜਿਸ ਸਿਉ ਮੇਰੀ ਪ੍ਰੀਤ ਹੈ, ਤਬ ਗੁਰੂ ਨਾਨਕੁ ਜੀ ਪ੍ਰੇਮ ਪਰਮੇਸੁਰ ਕੇ ਸਾਥਿ ਬਾਨੀ ਬੋਲਿ ਉਠਾ ਸੂਹੀ ਰਾਗ ਮਹਿ ਸਿਫਤੀ ਛੰਤ, ਜਿ-

ਹਮ ਘਰ ਸਾਜਨ ਆਏ।<br>
ਸਾਚੇ ਮੇਲ ਮਿਲਾਏ।

-ਤਬ ਇਸਤਰੀਅਹੁ ਤਣੀ ਛੁਹਾਈ। ਆਪਣਾ ਅਚਾਰ ਕੀਆ। ਤਬ ਸੂਹੀ ਰਾਗ ਮਹਿ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਾ-

ਆਵਹੁ ਸਜਣਾ ਹਉ ਦੇਖਾ ਦਰਸਨ ਤੇਰਾ ਰਾਮ।। ਸੂਹੀ ਛੰਤ ਮਹਲਾ 1, ਪੰਨਾ 764)

ਤਬ ਗੁਰੂ ਬਾਬੇ ਰਾਤਿ ਕੈ ਸਮਉ ਏਹੁ ਸਬਦੁ ਕੀਆ। ਅਰ ਇਸਨਾਨ ਕਰਿ ਕਰਿ ਪ੍ਰਾਤ ਸਮਉ ਜਨੇਤ ਮਹਿ ਆਇ ਬੈਠਾ । ਅਲਾਪ ਕਰਿ ਰਾਗੁ ਮੰਦਰੀ ਬਿਲਾਵਲੁ ਅਰੁ ਪੀਛੈ ਤੇ ਅਲਾਪਿ ਕਰਿ ਰਬਾਬੀ ਜਾਜਕ ਕੀਰਤਨੁ ਗਾਵਹਿ ਅਰ ਆਗੈ ਗੁਰੂ ਬਾਬਾ ਨਾਨਕ ਜੀ ਗਾਵੈ। ਪਰ ਜਿਨਹੁ ਗੁਰੂ ਬਾਬਾ ਨਾਨਕ ਜੀ ਗਾਵਤਾ ਸੁਣਿਆ ਤੇ ਸਦੇਹਹ ਪਰਮਗਤਿ ਗਏ। ਜਿਨੁ ਸੁਣਿਆ ਦੇਖਿਆ, ਜਿਨੁ ਗੁਰੂ ਬਾਬੇ ਕਾ ਸਬਦੁ ਬਿਰਾਨੇ ਮੁਖਿ ਤੇ ਸੁਣਿਆ ਤੇ ਭੀ ਮੁਕਤੇ ਭਏ।

ਅਨੰਦ ਕਾਰਜ ਦੀ ਰਸਮ ਸਮੇਂ ਰਾਗ ਸੂਹੀ ਵਿੱਚ ਦਰਜ ਲਾਵਾਂ ਦਾ ਗਾਇਨ ਅਤੇ ਉਪਰੰਤ ਰਾਮਕਲੀ ਰਾਗ ਵਿੱਚ ਦਰਜ ਆਨੰਦ ਸਾਹਿਬ ਦਾ ਕੀਰਤਨ ਹੁੰਦਾ ਹੈ। ਗੁਰੂ ਅਮਰ ਦਾਸ ਜੀ ਦੇ ਪੋਤਰੇ ਅਰਥਾਤ ਮੋਹਰੀ ਜੀ ਦੇ ਪੁੱਤਰ ਅਨੰਦ ਦੇ ਜਨਮ ਸਮੇਂ ਗੁਰੂ ਅਮਰਦਾਸ ਜੀ ਨੇ ਅਨੰਦ ਬਾਣੀ ਦੀ ਰਚਨਾ ਕੀਤੀ ਅਤੇ ਇਸ ਬਾਣੀ ਨੂੰ ਉੱਚੀ ਉੱਚੀ ਗਾਉਣ ਦੇ ਆਦੇਸ਼ ਦਿੱਤੇ। ਮਹਿਮਾ ਪ੍ਰਕਾਸ਼[23] ਵਿੱਚ ਇਸ ਪ੍ਰਸੰਗ ਨੂੰ ਵਿਸਥਾਰ ਸਹਿਤ ਲਿਖਿਆ ਹੈ। ਅਨੰਦ ਬਾਣੀ ਦੇ ਗਾਇਨ ਕਰਨ ਬਾਰੇ ਆਦੇਸ਼ ਇਸ ਪ੍ਰਕਾਰ ਹਨ-

ਦੇ ਮਾਤਾ ਕੋ ਬਲੂ ਆਇਆ।<br>
ਸਤਗੁਰ ਤਿਸ ਯਹ ਬਚਨ ਸੁਨਾਇਆ।<br>
ਯਹ ਅਨੰਦ ਬਾਨੀ ਮੈ ਕੀਆ।<br>
ਮੰਗਲ ਮੂਲ ਵਾਕ ਪ੍ਰਗਟੀਆ।<br>
ਤੁਮ ਕੋਠੇ ਪਰ ਚੜ ਗਾਵੋ ਤਾਹਿ।<br>
ਅਰੁ ਲੇ ਢੋਲਕ ਸੰਗ ਬਜਾਇ।<br>
ਜੇ ਕੋਈ ਅਬ ਯਹ ਧੁਨ ਸੁਨੇ।<br>
ਹੋਇ ਪਾਰੰਗਦ ਕਿਲਬਿਖ ਹਨੇ।<br>
ਦੋਹਰਾ- ਸਭ ਕਾਰਜ ਯਾ ਤੇ ਸਿਧ ਹੋਇ ਜੋ ਪੜੇ ਕਰ ਪ੍ਰੇਮ ਪ੍ਰਤੀਤ।<br>
ਮੰਗਲ ਮੂਲ ਬਾਨੀ ਬਨੀ ਸੁਖ-ਦਾਇਕ ਭਗਤ ਬਿਨੀਤ।

ਚੋਪਈ-ਬਲੂ ਚੜ ਕੋਠੇ ਪਰ ਗਾਇਆ।<br>
ਢੋਲਕ ਬਜਾਇ ਸੰਗ ਸਬਦ ਸੁਹਾਇਆ।<br>
ਤਿਸ ਸਮੇ ਸੁਨਾ ਜਿਨ ਆਨੰਦ ਬਾਣੀ।

ਪਾਇ ਭਗਤਿ ਤਿਨ ਪਦ ਨਿਰਬਾਣੀ।।

ਇਸੇ ਦੇ ਨਾਲ ਨਾਲ– ਵਿਆਹ ਹੋਆ ਮੇਰੇ ਬਾਬੁਲਾ ਗੁਰਮਖੇ ਹਰਿ ਪਾਇਆ– ਅਤੇ – ਪੂਰੀ ਆਸਾ ਜੀ ਮਨਸਾ ਮੇਰੇ ਰਾਮ। ਸ਼ਬਦਾਂ ਦਾ ਗਾਇਨ ਹੁੰਦਾ ਹੈ।

ਜਦੋਂ ਪ੍ਰਾਣੀ ਅਕਾਲ ਚਲਾਣਾ ਕਰਦਾ ਹੈ। ਵੈਰਾਗ ਮਈ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ।

ਰਾਮਕਲੀ ਸਦ ਵਿੱਚ ਗੁਰੂ ਅਮਰ ਦਾਸ ਜੀ ਦਾ ਬਚਨ ਹੈ–

ਅੰਤੇ ਸਤਿਗੁਰੁ ਬੋਲਿਆ
ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥ (ਗੁਰੂ ਗ੍ਰੰਥ ਸਾਹਿਬ ਪੰਨਾ 923)

ਭਾਈ ਕਾਹਨ ਸਿੰਘ ਨਾਭਾ ਅਕਾਲ ਚਲਾਣੇ ਦੀ ਮਰਯਾਦਾ ਬਿਆਨ ਕਰਦਿਆਂ ਲਿਖਦੇ ਹਨ–

ਮ੍ਰਿਤ ਸ਼ਰੀਰ ਨੂੰ ਸਨਾਨ ਕਰਾ ਕੇ ਨਿਰਮਲ ਵਸਤ੍ਰਾਂ ਨਾਲ ਢੱਕ ਕੇ ਤਖਤੇ, ਸੰਦੂਕ ਆਦਿ ਵਿੱਚ ਰੱਖ ਕੇ ਕੰਧਿਆਂ ਜਾਂ ਗੱਡੀ ਆਦਿ ਤੇ ਸੰਸਕਾਰ ਦੇ ਥਾਂ ਲੈ ਜਾਇਆ ਜਾਵੇ ਰਾਗੀ ਅਥਵਾ ਪ੍ਰੇਮੀ ਸਿੱਖ ਮਿਲ ਕੇ ਵੈਰਾਗਮਈ ਸ਼ਬਦਾਂ ਦਾ ਕੀਰਤਨ ਕਰਨ। (ਗੁਰਮਤ ਮਾਰਤੰਡ ਪੰਨਾ 467)

ਰਹਿਤਨਾਮਾ ਭਾਈ ਚੌਂਪਾ ਸਿੰਘ ਵਿੱਚ ਲਿਖਿਆ ਹੈ ਪ੍ਰਾਣੀ ਕਾ ਸ਼ਰੀਰ ਅੰਤ ਹੋਵੇ ਤਾਂ ਕੀਰਤਨ ਕਰਾਵੇ। (ਗੁਰਮਤ ਮਾਰਤੰਡ ਪੰਨਾ 478)

ਗੁਰ ਬਿਲਾਸ ਪਾਤਸ਼ਾਹੀ 10 ਦੇ ਅਧਿਆਇ 29) ਵਿੱਚ ਗੁਰੂ ਸਾਹਿਬ ਦੇ ਮੁਖ ਤੋਂ ਉਚਾਰਨ ਕਰਵਾਇਆ ਗਿਆ ਹੈ–

ਸਵਾਂਗ ਸਵਾਰੀ ਕਾ ਪ੍ਰਭ ਧਾਰਯੋ।
ਸਭ ਖਾਲਿਸ ਕੋ ਵਚਨ ਉਚਾਰਯੋ।
ਜਯੋਂ ਥਾ ਹੁਕਮ ਤਿਵੇਂ ਸਾ ਹੋਨਾ।
ਹਮ ਕੋ ਸ਼ਾਦੀ ਕਿਸੂ ਨ ਰੋਨਾ।
ਜੋ ਹਮ ਕੋ ਰੋਵੈਗਾ ਕੋਈ।
ਈਤ ਊਤ ਕੋ ਦੁਖ ਹੋਈ।
ਕੀਰਤਨ ਕਥਾ ਸੁ ਗਾਵਹੁ ਬਾਨੀ।
ਇਹੈ ਮੋਹ ਸਿਖੱਯਾ ਸੁਨ ਕਾਨੀ। ( ਗੁਰਮਤ ਮਾਰਤੰਡ ਪੰਨਾ 479)

ਗੁਰ ਪ੍ਰਤਾਪ ਸੂਰਜ ਰੁਤ 3, ਅਧਿਆਇ 40 ਵਿੱਚ ਲਿਖਿਅ ਹੈ

ਮਰੇ ਸਿੱਖ ਤੇ ਕਰੇ ਕੜਾਹ।
ਤਿਸੁ ਕੁਟੰਬ ਰੁਦਨੈ ਬਹੁ ਨਾਹ।
ਤਜੈ ਸ਼ੋਕ ਸਭ ਅਨਦ ਬਢਾਇ।
ਨਹਿੰ ਪੀਟਹਿੰ ਤ੍ਰਿਯ ਤਿਲ ਸਮੁਦਾਇ।
ਪਢੈਂ ਸ਼ਬਦ ਕੀਰਤਨ ਕੋ ਕਰੈਂ।
ਸੁਨੈਂ ਬੈਠ ਵੈਰਾਗ ਸੁ ਧਰੈਂ। (ਗੁਰਮਤ ਮਾਰਤੰਡ ਪੰਨਾ 479)

ਗੁਰੂ ਕਾਲ ਵਿੱਚ ਵੀ ਅਕਾਲ ਚਲਾਣੇ ਸਮੇਂ ਕੀਰਤਨ ਕਰਨ ਦੇ ਹਵਾਲੇ ਪ੍ਰਾਪਤ ਹੁੰਦੇ ਹਨ–

ਗੁਰੂ ਸਾਹਿਬਾਨ ਦੇ ਜੋਤੀ ਜੋਤਿ ਸਮਾਉਣ ਸਮੇਂ ਕੀਰਤਨ ਕਰਨ ਦਾ ਉਲੇਖ ਅਨੇਕ ਥਾਂਈ ਆਇਆ

ਹੈ। ਜਦੋਂ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾਉਣ ਲੱਗੇ ਤਾਂ ਉਹਨਾਂ ਨੇ ਹੋਰ ਰਸਮਾਂ ਕਰਨ ਦੀ ਥਾਂ ਭਜਨ ਕੀਰਤਨ ਕਰਨ ਦੇ ਆਦੇਸ਼ ਦਿੱਤੇ–

ਹਮਰੇ ਕਾਜ ਕਛੂ ਨਹੀ ਕਰਨਾ।
ਨਹੀ ਕਰਨਾ ਕੋਊ ਜਗ ਆਚਰਨਾ।
ਦੇਹ ਸਿਸਕਾਰ ਅਗਨ ਮੋ ਕਰਨਾ।
ਕੀਰਤਨ ਭਜਨ ਤੋਖ ਚਿਤ ਧਰਨਾ।
ਅਖੰਡ ਕੀਰਤਨ ਸਭ ਮਿਲ ਕੀਓ।
ਜੈ ਜੈ ਕਾਰ ਜਗਤ ਮੈਂ ਭਇਓ।

ਜਦੋਂ ਗੁਰੂ ਰਾਮ ਦਾਸ ਜੀ ਜੋਤੀ ਜੋਤਿ ਸਮਾਏ ਤਾਂ ਉਥੇ ਕੀਰਤਨ ਹੋਇਆ:

ਅੜਿਲ– ਨਿਸ਼ਾ ਨਾਸ ਰਵਿ ਆਯੋ ਹਰਖ ਬਢਾਇਕੈ। ਕੀਰਤਨ ਭਯੋ ਅਪਾਰ ਦੇਵ ਕਰ ਆਇਕੈ। –
ਦੋਹਰਾ– ਵਡਹੰਸ ਵਾਰ ਪ੍ਰਥਮੇ ਪੜ੍ਹੋ ਪੁਨ ਮਾਰੂ ਪੜ੍ਹ ਵਾਰ॥
ਰਾਗ ਰਬਾਬੀ ਅਧਕ ਰਹਿੰ ਕਰੈ ਸਰੁ ਬਿਸਤਾਰ। ।

ਭਾਈ ਬੁੱਢਾ ਲਾਇ ਦੀਵਾਨ। ਸੁਨਤ ਸ਼ਬਦ ਮਾਰੂ ਧਰ ਧਿਆਨ। ।
ਦੋਹਿਰਾ– ਸਾਹਿਬ ਬੁੱਢੇ ਸੌਂ ਕਹਾ ਅਲਾਹਿਣੀ ਪੜ੍ਹੌਂ ਸੁਹਾਇ।
ਰਬਾਬੀ ਰਾਗ ਮਿਲਾਇਕੈ ਪੜ੍ਹੀ ਅਧਿਕ ਚਿਤ ਲਾਇ।
ਦੀਵਾਨ ਮਧ ਬੈਠੇ ਗੁਰ ਆਇ।
ਰਬਾਬੀ ਭੋਗ ਸ਼ਬਦ ਕਾ ਪਾਇ।
ਰਬਾਬੀ ਕੌ ਧਨ ਦੀਨ ਅਪਾਰਾ।
ਕੀਰਤਨ ਸੋਹਿਲਾ ਬਹੁਰ ਉਚਾਰਾ।
ਸੁਨ ਪੈੜਾਂ ਕੀਰਤਨ ਬਹੁ ਹੋਵੈ।
ਭਾਂਤ ਭਾਂਤ ਚੌਕੀ ਦੁਖ ਖੋਵੈ।

ਬਾਬਾ ਬੁੱਢਾ ਜੀ ਦੇ ਦੇਹਾਂਤ ਤੋਂ ਬਾਦ ਜੋ ਰਸਮਾਂ ਹੋਈਆਂ ਉਹਨਾਂ ਵਿੱਚ ਕੀਰਤਨ ਪ੍ਰਮੁਖ ਸੀ–

ਹਰਿਗੁਬਿੰਦ ਗੁਰੁ ਤਬ ਇਹ ਕੀਨੋ।
ਰਾਗੀ ਬੋਲ ਨਿਕਟ ਤਬ ਲੀਨੋ।
ਸ੍ਰੀ ਮੁਖ ਕਹਾ ਸਬਦ ਤੁਮ ਗਾਵੇ।
ਪ੍ਰਿਥਮ ਵਾਰ ਆਸਾ ਕੀ ਲਾਵੋ।
ਗਾਵਤ ਮਾਰੂ ਸਬਦ ਅਪਾਰਾ।
ਰਾਗੀ ਭੋਗ ਸਬਦ ਕਾ ਪਾਯੋ।
ਸ੍ਰੀ ਗੁਰੁ ਤਿਨ ਕੌ ਐਸ ਅਲਾਯੋ।

ਦੋਹਿਰ੍ਹ– ਮਾਰੂ ਡਖਣੇ ਵਾਰ ਕੋ ਅਬ ਗਾਵੋ ਸੁਰ ਊਚ। ।
ਸਿੱਖ ਸੰਗਤਿ ਆਈ ਘਨੀ ਭਈ ਭੀਰ ਅਤਿ ਮੂਚ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਸਿੱਖ ਗ੍ਰਹਿਸਤ ਜੀਵਨ ਦਾ ਇੱਕ ਅਟੁਟ ਅੰਗ ਹੈ।

# ਗੁਰਮਤਿ ਸੰਗੀਤ ਵਿਚ ਬਸੰਤ ਦੀ ਕੀਰਤਨ ਮਰਿਆਦਾ

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ

ਡਾ.ਗੁਰਨਾਮ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਰਾਗ ਅਧੀਨ ਅੰਕਿਤ ਬਾਣੀ ਵਿਚ ਪ੍ਰਕ੍ਰਿਤੀ ਦੇ ਮੌਲਵ ਤੇ ਵਿਗਸਣ ਦੀ ਪ੍ਰਕ੍ਰਿਆ ਦੇ ਪ੍ਰਤੀਕਾਤਮਕ ਚਿਤਰਣ ਦੁਆਰਾ ਆਤਮ ਵਿਗਾਸ ਦਾ ਸੁਨੇਹਾ ਦਿਤਾ ਗਿਆ ਹੈ। ਇਸ ਰਾਗ ਵਿਚ ਸਮੂਹ ਬਾਣੀਕਾਰ ਗੁਰੂ ਸਾਹਿਬਾਨ, ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਰਾਮਾਨੰਦ, ਭਗਤ ਰਾਮਦੇਵ ਅਤੇ ਭਗਤ ਰਵਿਦਾਸ ਜੀ ਦੀ ਇਲਾਹੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਬਾਣੀ ਵਿਚ ਬਸੰਤ ਦਾ ਇਕ ਹੋਰ ਪ੍ਰਕਾਰ ਬਸੰਤ ਹਿੰਡੋਲ ਵੀ ਖੂਬ ਪ੍ਰਯੋਗ ਕੀਤਾ ਗਿਆ ਹੈ। ਗੁਰੂ ਨਾਨਕ ਪਾਤਸ਼ਾਹ ਨੇ ਬਸੰਤ ਦੇ ਸ਼ੁਭ ਆਗਮਨ ਤੇ ਮਨੁਖੀ ਮਨ ਨੂੰ ਮੁਮਾਰਖੀ ਸੁਨੇਹਾ ਦਿੰਦਿਆਂ ਆਤਮ ਵਿਗਾਸ ਦੁਆਰਾ ਚੜ੍ਹਦੀ ਕਲਾ ਵਿਚ ਟਿਕਣ ਦਾ ਮਾਰਗ ਦਰਸਾਇਆ ਹੈ। ਤੀਸਰੇ ਗੁਰੂ ਅਮਰਦਾਸ ਜੀ ਬਨਸਪਤੀ ਦੇ ਮਉਲਣ ਨਾਲ ਬਸੰਤ ਰੂਪ ਦੇ ਆਗਮਨ ਤੇ ਗੁਰੂ ਦੀ ਸੰਗਤ ਸੰਗ ਮੌਲਵ ਤੇ ਵਿਗਸਣ ਦੀ ਬਾਤ ਪਾ ਰਹੇ ਹਨ। ਗੁਰੂ ਅਰਜਨ ਪਾਤਸ਼ਾਹ ਇਸ ਕਲਜੁਗ ਵਿਚ ਨਾਮ ਬੀਜਣ ਦੇ ਸੁਨੇਹਾ ਦਿੰਦਿਆਂ ਦਰਸਾ ਰਹੇ ਹਨ ਕਿ ਉਸ ਗ੍ਰਹਿ ਵਿਚ ਬਸੰਤ ਦਾ ਆਤਮਿਕ ਖੇੜਾ ਵਿਗਾਸ ਤੇ ਟਿਕਾਅ ਪ੍ਰਵੇਸ਼ ਕਰੇਗਾ ਜਿਥੇ ਉਸ ਹਰਿ ਕੀਰਤਨ ਦੀ ਧੁਨੀ ਗੂੰਜਰਿਤ ਰਹੇਗੀ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀ ਵੈਰਾਗਮਈ ਬਾਣੀ ਮਨੁਖੀ ਮਨ ਨੂੰ ਬਾਰ ਬਾਰ ਚੇਤਾ ਰਹੀ ਹੈ ਕਿ ਤੇਰੇ ਸੰਗ ਕੇਵਲ ਇਕੋ ਪ੍ਰਭੂ ਭਗਤੀ ਨੇ ਹੀ ਜਾਣਾ ਹੈ। ਇਸ ਲਈ ਇਕ ਮਨ ਇਕ ਚਿਤ ਇਕ ਰਸ ਹੋ ਕੇ ਉਸ ਪ੍ਰਭੂ ਦੇ ਗੁਣਾਂ ਦਾ ਗਾਇਨ ਕਰ।

ਭਗਤ ਕਬੀਰ ਜੀ ਦਾ ਸ਼ਬਦ 'ਮਉਲੀ ਧਰਤੀ ਮਉਲਿਆ ਆਕਾਸ਼ੋ, ਰਾਮਾਨੰਦ ਜੀ ਦਾ ਸ਼ਬਦ' ਕਤ ਜਾਈਐ ਰੇ ਘਰੁ ਲਾਗੋ ਰੰਗੋ, ਇਸ ਰਾਗ ਦੀ ਵਿਸ਼ੇਸ਼ ਸ਼ਬਦ ਰਚਨਾਵਾਂ ਹਨ। ਬਸੰਤ ਰਾਗ ਦੀ ਸਮੁੱਚੀ ਬਾਣੀ ਦਾ ਉਦੇਸ਼ ਮਨੁਖੀ ਮਨਾਂ ਨੂੰ ਸਦੀਵੀ ਖੇੜਾ ਪ੍ਰਦਾਨ ਕਰਨਾ ਹੈ।

ਇਸ ਤਰ੍ਹਾਂ ਬਸੰਤ ਰਾਗ ਦੀ ਬਾਣੀ ਸਾਡੇ ਜੀਵਨ ਚੱਕਰ ਵਿਚ ਅਹਿਮ ਹੈ। ਗੁਰੂ ਘਰ ਦੀ ਕੀਰਤਨ ਪਰੰਪਰਾ ਵਿਚ ਰਾਗਾਂ ਦੇ ਕਾਲ ਚੱਕਰ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ। ਇਨ੍ਹਾਂ ਵੱਖ-ਵੱਖ ਸਮਿਆਂ 'ਤੇ ਹੋਣ ਵਾਲੀਆਂ ਕੀਰਤਨ ਪੇਸ਼ਕਾਰੀਆਂ ਨੂੰ ਕੀਰਤਨ ਚੌਕੀ ਕਿਹਾ ਜਾਂਦਾ ਹੈ ਜਿਵੇਂ ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਕਾਨੜ੍ਹੇ ਦੀ ਚੌਕੀ ਆਦਿ। ਰੁੱਤਾਂ ਨਾਲ ਸਬੰਧਤ ਦੋ ਅਹਿਮ ਕੀਰਤਨ ਚੌਕੀਆਂ ਸਾਵਣ ਰੁਤੇ ਮਲ੍ਹਾਰ ਤੇ ਬਸੰਤ ਰੁਤ ਵਿਚ ਬਸੰਤ ਦੀ ਕੀਰਤਨ ਚੌਕੀ ਹੈ। ਆਸਾ ਦੀ ਵਾਰ, ਸੋ ਦਰੁ ਦੀ ਕੀਰਤਨ ਚੌਕੀ ਤੋਂ ਬਾਅਦ ਬਸੰਤ ਦੀ ਕੀਰਤਨ ਚੌਕੀ ਦੇ ਗਾਇਨ ਦਾ ਪ੍ਰਚਲਨ ਅਜੇ ਵੀ ਰਾਗੀਆਂ ਵਿਚ ਹੈ। ਇਹ ਪ੍ਰਸੰਨਤਾ ਤੇ ਸ਼ਲਾਘਾ ਦਾ ਵਿਸ਼ਾ ਹੈ।

ਸਿੱਖ ਧਰਮ ਦੀ ਗੁਰਮਤਿ ਸੰਗੀਤ ਪਰੰਪਰਾ ਦੀ ਮਰਿਆਦਾ ਅਨੁਸਾਰ ਬਸੰਤ ਰਾਗ 'ਤੇ ਅਧਾਰਤ ਬਸੰਤ ਦੀ ਕੀਰਤਨ ਚੌਕੀ ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਸਥਾਨਾਂ ਤੇ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਕੀਤਾ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਦੀ ਰਾਤ ਨੂੰ ਬਸੰਤ ਰਾਗ ਆਰੰਭ ਕਰਨ ਭਾਵ ਬਸੰਤ ਖੋਲਣ ਦੀ ਵਿਸ਼ੇਸ਼ ਅਰਦਾਸ ਵੀ ਕੀਤੀ ਜਾਂਦੀ ਹੈ। ਸ੍ਰੀ ਹਰਿਮੰਦਿਰ ਸਾਹਿਬ ਵਿਖੇ ਲੋਕ ਸੰਗੀਤਕ ਅੰਗ ਤੋਂ ਕੀਤੇ ਜਾਣ ਵਾਲੇ ਵਾਰੀਆਂ ਦੇ ਕੀਰਤਨ ਵਿਚ ਵੀ ਬਸੰਤ ਰੁਤ ਵਿਚ ਬਸੰਤ ਰਾਗ ਦੇ ਸ਼ਬਦਾਂ ਦਾ ਹੀ ਗਾਇਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਪਰੰਪਰਾ ਵਿਚ ਹੋਲੇ ਮਹੱਲੇ ਤੱਕ ਇਸ ਰਾਗ ਦਾ ਗਾਇਨ ਹਰ ਕੀਰਤਨ ਚੌਕੀ ਵਿਚ ਕਰਨ ਦੀ ਪ੍ਰਥਾ ਹੈ। ਹੋਲੇ ਮਹੱਲੇ ਤੋਂ

ਪਹਿਲੀ ਰਾਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਬਸੰਤ ਰਾਗ ਅਤੇ ਹੋਲੀ ਨਾਲ ਸਬੰਧਤ ਸ਼ਬਦਾਂ ਦੇ ਗਾਇਨ ਤੇ ਅਧਾਰਿਤ ਵਿਸ਼ੇਸ਼ ਰਾਗ ਦਰਬਾਰ ਦੀ ਪ੍ਰਥਾ ਅੱਜ ਤਕ ਪ੍ਰਚਲਿਤ ਹੈ ਜਿਸ ਵਿਚ ਬੀਰ ਰਸੀ ਸ਼ਬਦਾਂ ਦਾ ਗਾਇਨ ਵੀ ਬਸੰਤ ਤੇ ਬਸੰਤ ਦੇ ਪ੍ਰਕਾਰਾਂ ਵਿਚ ਕਰ ਲਿਆ ਜਾਂਦਾ ਹੈ। ਜਿਥੇ ਕਿਤੇ ਵੀ ਕੀਰਤਨ ਹੁੰਦਾ ਹੈ ਕੀਰਤਨੀਏ ਇਸ ਰੁੱਤੇ ਬਸੰਤ ਰਾਗ ਵਿਚ ਸ਼ਬਦ ਤੇ ਬਸੰਤ ਕੀ ਵਾਰ ਮਹੱਲਾ ਪੰਜਵਾਂ ਦੀਆਂ ਵਿਚੋਂ ਪਉੜੀਆਂ ਦਾ ਗਾਇਨ ਜ਼ਰੂਰ ਕਰਦੇ ਹਨ।

ਇਥੇ ਸਪਸ਼ਟ ਕਰਨਾ ਉਚਿਤ ਹੋਵੇਗਾ ਕਿ ਉਂਝ ਵੀ ਬਸੰਤ ਰਾਗ ਆਪਣੇ ਸਮੇਂ ਅਨੁਸਾਰ ਸ਼ੁੱਧ ਬਸੰਤ ਦੁਪਹਿਰ ਤੇ ਬਸੰਤ (ਪੂਰਵੀ) ਮੱਧ ਰਾਤ ਨੂੰ ਗਾਇਆ ਜਾਂਦਾ ਹੈ। ਬਸੰਤ ਰੁਤ ਸਮੇਂ ਇਸ ਰਾਗ ਨੂੰ ਹਰ ਸਮੇਂ ਗਾਉਣ ਦੀ ਪ੍ਰਥਾ ਹੈ। ਗੁਰੂ ਘਰ ਵਿਚ ਪੁਰਾਤਨ ਬਸੰਤ ਸ਼ੁੱਧ ਸੁਰਾਂ ਵਾਲਾ ਬਿਲਾਵਲ ਥਾਟ ਵਾਲਾ ਬਸੰਤ ਪ੍ਰਚਲਤ ਰਿਹਾ। ਵਰਤਮਾਨ ਸਮੇਂ ਬਸੰਤ ਅਤੇ ਬਸੰਤ ਹਿੰਡੋਲ ਦੇ ਵੱਖ-ਵੱਖ ਸਰੂਪ ਕੀਰਤਨੀਆਂ ਵਿਚ ਖੂਬ ਉਤਸ਼ਾਹ ਨਾਲ ਗਾਏ ਵਜਾਏ ਜਾਂਦੇ ਹਨ।

ਸ਼ੁੱਧ ਬਸੰਤ (ਪੁਰਾਤਨ)

ਆਰੋਹ : ਸ ਗ ਮ ਧ ਨੀ ਸਂ
ਅਵਰੋਹ : ਸਂ ਨੀ ਧ ਪ ਮ, ਗ ਰੇ ਸ
ਮੁੱਖ ਅੰਗ : ਗ ਮ ਧ ਨੀ ਸਂ, ਸਂ ਨੀ ਧ ਪ ਮ, ਗ, ਰੇ ਸ

ਬਸੰਤ (ਪੂਰਵੀ)

ਆਰੋਹ : ਸ ਗ ਮ ਧੁ ਰੇਂ ਸਂ
ਅਵਰੋਹ : ਸਂ ਰੁੇਂ ਨੀ ਧੁ ਪ, ਮੇ ਗ ਮੇ ਗ, ਮੇ ਗ, ਰੁੇ ਸ
ਮੁੱਖ ਅੰਗ: ਮੇ ਧੁ ਰੁੇਂ, ਸਂ, ਰੁੇਂ ਨੀ ਧੁ ਪ, ਮੇ ਮੇ ਗ315

ਬਸੰਤ ਹਿੰਡੋਲ (ਪਹਿਲਾ ਸਰੂਪ)

ਆਰੋਹ : ਸ, ਮ, ਮ ਗ, ਮੇ ਧ, ਨੀ ਧ ਸਂ
ਅਵਰੋਹ : ਸਂ, ਰੁੇਂ ਨੀ ਧੁ, ਪ, ਮੇ ਗ ਮੇ ਗ, ਰੁੇ ਸ
ਮੁੱਖ ਅੰਗ: ਮੇ ਧ ਨੀ ਧ ਸਂ, ਰੁੇਂ ਨੀ ਧੁ ਪ, ਮੇ ਗ, ਮੇ ਗ, ਮੇ ਗ ਰੁੇ ਸ

ਬਸੰਤ ਹਿੰਡੋਲ (ਦੂਸਰਾ ਸਰੂਪ)

ਆਰੋਹ : ਸ ਗ ਮੇ ਧ ਨੀ ਧ ਸਂ
ਅਵਰੋਹ : ਸਂ ਨੀ ਧ ਮੇ ਗ ਸ
ਮੁੱਖ ਅੰਗ: ਸ ਗ ਮੇ ਧ ਨੀ ਧ ਮੇ ਗ, ਸ

ਬਹਾਰ (ਬਸੰਤ)

ਆਰੋਹ : ਸ, ਮ, ਪ ਗੁ ਨੁੀ ਧ ਨੀ ਸਂ
ਅਵਰੋਹ : ਸਂ, ਨੁੀ ਪ ਮ ਪ ਮਗੁ ਮ, ਰੇ ਸ
ਮੁੱਖ ਅੰਗ : ਸ ਮ, ਪ ਗੁ ਮ, ਨੁੀ ਧ, ਨੀ ਸਂ

ਗੁਰਬਾਣੀ ਦਾ ਫੁਰਮਾਣ ਹੈ 'ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ॥' (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 927) ਛੇ ਰੁੱਤਾਂ ਦੇ ਕਾਲ ਚੱਕਰ ਅਨੁਸਾਰ ਬਸੰਤ ਰੁੱਤ ਨੂੰ ਚੇਤ ਤੇ ਵੇਸਾਖ ਦੋ ਮਹੀਨਿਆਂ ਦੀ ਰੁੱਤ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਬਸੰਤ ਰਾਗ ਨੂੰ ਬਸੰਤ ਰੁੱਤ ਵਿੱਚ ਗਾਇਣ ਦੀ ਪਰੰਪਰਾ ਹੈ। ਸੰਗੀਤ ਪਰੰਪਰਾ ਵਿੱਚ ਬਸੰਤ ਰਾਗ ਨੂੰ ਜਿੱਥੇ ਬਸੰਤ ਰੁੱਤ ਵਿੱਚ ਗਾਇਆ ਜਾਂਦਾ ਹੈ ਉਥੇ ਦਿਨ ਦੇ ਦੂਸਰੇ ਪਹਿਰ ਵਿੱਚ ਵੀ ਗਾਇਨ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਵਿੱਚ ਇਸ ਰਾਗ ਦੀ ਵਿਸ਼ੇਸ਼ ਸ਼ਬਦ ਕੀਰਤਨ ਚਉਕੀ 'ਬਸੰਤ ਦੀ ਕੀਰਤਨ ਚਉਕੀ' ਜਿਸ ਦਾ ਜ਼ਿਕਰ ਅਸੀਂ ਵਿਸਥਾਰ ਸਹਿਤ ਕਰ ਚੁੱਕੇ ਹਾਂ, ਇਹ ਵੀ ਆਪਣੇ ਆਪ ਵਿੱਚ ਇੱਕ ਨਿਵੇਕਲੀ ਪਰੰਪਰਾ ਹੈ। ਇਸ ਤਰ੍ਹਾਂ ਗੁਰਮਤਿ ਸੰਗੀਤ ਵਿੱਚ ਬਸੰਤ ਰਾਗ ਦੇ ਗਾਇਨ ਦੀ ਇੱਕ ਵਿਸ਼ਾਲ ਪਰੰਪਰਾ ਹੈ। ਕੀਰਤਨੀਏ ਇਸ ਰਾਗ ਨੂੰ ਅਤੇ ਇਸ ਦੇ ਵੱਖ ਵੱਖ ਰਾਗ ਪ੍ਰਕਾਰਾਂ ਨੂੰ ਬੜੇ ਉਤਸ਼ਾਹ ਨਾਲ ਗਾਇਨ ਕਰਦੇ ਹਨ। ਇਹ ਪਰੰਪਰਾ ਗੁਰੂ ਕਾਲ ਤੋਂ ਹੀ ਚੱਲੀ ਆ ਰਹੀ ਹੈ। ਨਿਰਸੰਦੇਹ ਰਾਗ ਕੇਵਲ ਗੁਰਬਾਣੀ ਦੇ ਸ਼ਬਦ ਕੀਰਤਨ ਲਈ ਇੱਕ ਮਾਧਿਅਮ ਹਨ ਤੇ ਇਨ੍ਹਾਂ ਦੀ ਉਚਤਾ, ਸੁੱਚਤਾ ਤੇ ਚਿਰੰਜੀਵਤਾ ਸ਼ਬਦ ਦੇ ਕੀਰਤਨ ਲਈ ਵਿਸ਼ੇਸ਼ ਰੂਪ ਵਿੱਚ ਸਹਾਈ ਹੁੰਦੀ ਹੈ। ਸ਼ਬਦ ਕੀਰਤਨ ਲਈ ਰਾਗ ਦੀ ਸਾਧਨਾ ਅਤਿਅੰਤ ਜ਼ਰੂਰੀ ਹੈ ਕਿਉਂਕਿ ਰਾਗ, ਸ਼ਬਦ ਦੇ ਭਾਵਾਤਮਕ ਪ੍ਰਗਟਾਅ ਲਈ ਸੁਰਾਤਮਕ ਵਿਸਥਾਰ ਦਾ ਅਧਾਰ ਪ੍ਰਦਾਨ ਕਰਦਾ ਹੈ।

ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਰਾਗ ਤੇ ਸੰਗੀਤ ਦੀ ਨਾਦਾਤਮਕ ਸ਼ਕਤੀ ਜੋ ਸਾਡੇ ਸਭਿਆਚਾਰਕ ਧਰਾਤਲ ਦੀ ਵੱਡੀ ਧਰੋਹਰ ਨੂੰ ਸਦੀਵੀ ਰੂਪ ਵਿਚ ਸੰਭਾਲਦਿਆਂ ਇਸ ਦੇ ਪ੍ਰਯੋਗ ਨੂੰ ਚਿਰੰਜੀਵਤਾ ਪ੍ਰਦਾਨ ਕੀਤੀ ਹੈ। ਗੁਰੂ ਘਰ ਵਿਚ ਸਦੀਆਂ ਤੋਂ ਗਾਇਨ ਕੀਤੇ ਜਾਂਦੇ ਇਹ ਰਾਗ ਅੱਜ ਜਿਥੇ ਸਾਡੇ ਮਨ੍ਹਾਂ ਵਿਚ ਸ਼ਬਦ ਦਾ ਪ੍ਰਕਾਸ਼ ਕਰ ਰਹੇ ਹਨ ਉਥੇ ਭਾਰਤੀ ਸੰਗੀਤ ਦੀ ਰਾਗਾਤਮਕ ਵਿਰਾਸਤ ਨੂੰ ਵੀ ਗੁਰੂ ਘਰ ਨੇ ਗੁਰਮਤਿ ਸੰਗੀਤ ਦੇ ਰੂਪ ਵਿਚ ਸੁਰੱਖਿਅਤ ਕੀਤਾ ਤੇ ਪਰਚਾਰਿਆ ਹੈ।

**ਫਾਊਂਡਰ ਪ੍ਰੋਫੈਸਰ, ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ,**
**ਪੰਜਾਬੀ ਯੂਨੀਵਰਸਿਟਪ, ਪਟਿਆਲਾ**

# ਭਗਤ ਰਵਿਦਾਸ ਬਾਣੀ ਵਿਚ ਪ੍ਰਸਤੁਤ ਗਾਇਨ ਸੈਲੀਆਂ

**ਡਾ. ਹਰਜਸ ਕੌਰ**

ਭਗਤ ਰਵਿਦਾਸ ਜੀ ਭਗਤੀ ਲਹਿਰ ਦੇ ਨਿਰਗੁਣਧਾਰਾ ਦੇ ਮਹਾਨ ਸੰਤ ਕਵੀ ਅਤੇ ਸੰਗੀਤਕਾਰ ਹਨ ਜਿਨ੍ਹਾਂ ਦਾ ਅਧਿਆਤਮਕ ਜਗਤ ਵਿਚ ਸਤਿਕਾਰਯੋਗ ਸਥਾਨ ਹੈ। ਭਗਤੀ ਲਹਿਰ ਮੱਧ ਕਾਲ ਦਾ ਇਕ ਵਿਸ਼ਾਲ ਅੰਦੋਲਨ ਹੈ ਜਿਸਨੇ ਭਾਰਤੀ ਅਧਿਆਤਮਕ, ਸਮਾਜਿਕ ਅਤੇ ਰਾਜਨੀਤਕ ਚੇਤਨਾ ਨੂੰ ਪ੍ਰਭਾਵਿਤ ਕਰਦਿਆਂ ਇਸਨੂੰ ਨਵੀਨ ਸਾਤਵਿਕ ਮੁੱਲ ਪ੍ਰਦਾਨ ਕੀਤੇ।ਭਗਤੀ ਲਹਿਰ ਦੇ ਹੋਂਦ ਵਿਚ ਆਉਣ ਬਾਰੇ ਵਿਦਵਾਨਾਂ ਨੇ ਵੱਖ - ਵੱਖ ਵਿਚਾਰ ਪ੍ਰਸਤੁਤ ਕੀਤੇ ਹਨ। ਇਸਦਾ ਆਰੰਭ ਦੱਖਣ ਤੋਂ ਹੋਇਆ ਅਤੇ ਇਹ ਸਮਸਤ ਭਾਰਤ ਵਿਚ ਫੈਲ ਗਈ।ਭਾਰਤ ਦੇ ਦੱਖਣ ਅਤੇ ਉੱਤਰ ਵਿਚ ਦੈਵੀ ਪ੍ਰੇਮ 'ਤੇ ਆਧਾਰਿਤ ਬ੍ਰਹਮਵਾਦ ਦੀ ਅਭਿਵਿਅਕਤੀ ਇਲਕਾਈ ਭਾਸ਼ਾਵਾਂ ਵਿਚ ਹੋਈ।ਇਸ ਅਭਿਵਿਅਕਤੀ ਦੇ ਪ੍ਰਮੁੱਖ ਅਭਿਵਿਅਕਤਾ ਜੋ ਬਾਅਦ ਵਿਚ ਭਗਤੀ ਲਹਿਰ ਦੇ ਪ੍ਰਚਾਰਕ ਵੀ ਮੰਨੇ ਗਏ , ਨੀਵੀਆਂ ਜਾਤੀਆਂ ਦੇ ਰੌਸ਼ਨ ਦਿਮਾਗ ਅਧਿਆਤਮ ਜੀਵੀ ਸਨ।

ਭਗਤੀ ਲਹਿਰ ਦਾ ਆਰੰਭ ਇਕ ਧਾਰਮਿਕ ਅੰਦੋਲਨ ਵਜੋਂ ਹੋਇਆ। ਇਸ ਅਧੀਨ ਪ੍ਰਯੋਗ ਕੀਤੇ ਗਏ ਕਾਵਿ ਨੂੰ ਭਗਤੀ- ਕਾਵਿ ਕਿਹਾ ਜਾਂਦਾ ਹੈ ਅਤੇ ਭਗਤੀ ਕਾਵਿ ਦੀ ਪ੍ਰਸਤੁਤੀ ਲਈ ਪ੍ਰਯੋਗ ਕੀਤੇ ਗਏ ਸੰਗੀਤ ਨੂੰ ਭਗਤੀ ਸੰਗੀਤ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਭਗਤੀ ਲਹਿਰ ਆਪਣੀ ਪਿੱਠ ਭੂਮੀ ਨਾਥ ਅਤੇ ਜੋਗੀ, ਸੂਫੀ ਸੰਪਰਦਾਵਾਂ ਦੇ ਪ੍ਰਭਾਵ ਤੋਂ ਉਪਜੀ ਹੋਣ ਕਰਕੇ ਇਸਦਾ ਮੁਖ ਉਦੇਸ਼ ਸਰਗੁਣ ਸੀ ਜੋ ਬਾਅਦ ਵਿਚ ਨਿਰਗੁਣ ਉਪਾਸਨਾ ਦੀ ਧਾਰਣਾ ਵੀ ਬਣੀ।ਇਸ ਪਰੰਪਰਾ ਅਧੀਨ 'ਸੰਤ' ਭਗਤ ਜਨਾਂ ਵਿਚ ਰਾਮ ਦੀ ਨਿਰਗੁਣ ਭਗਤੀ ਕੀਤੀ ਜਾਂਦੀ ਸੀ ਜਿਸ ਦਾ ਪ੍ਰਚਾਰ ਭਗਤ ਕਬੀਰ,ਰਵਿਦਾਸ ਜੀ ਆਦਿ ਨੇ ਕੀਤਾ।ਇਨ੍ਹਾਂ ਭਗਤਾਂ ਦੀਆਂ ਰਚਨਾਵਾਂ ਉਪਰ ਰਾਗ ਸਿਰਲੇਖ ਵਜੋਂ ਅੰਕਿਤ ਹਨ। ਉਨ੍ਹਾਂ ਨੇ ਆਪਣੇ ਪਦਿਆਂ ਨੂੰ ਵਿਸ਼ਿਸ਼ਟ ਸੰਗੀਤ ਨਿਯਮਾਂ ਸਹਿਤ ਰਾਗਾਂ ਅਧੀਨ ਗਾਇਆ ਅਤੇ ਪ੍ਰਚਾਰਿਆ।

ਭਗਤ ਰਵਿਦਾਸ ਜੀ ਨੇ ਬਾਣੀ ਰਚਨਾ ਕੀਤੀ। ਉਨ੍ਹਾਂ ਦੁਆਰਾ ਰਚੀ ਬਾਣੀ ਦੇ ਗ੍ਰੰਥ ਹੱਥ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਦੇ ਰੂਪ ਵਿਚ ਬਹੁਤ ਥਾਵਾਂ 'ਤੇ ਸੁਰੱਖਿਅਤ ਹਨ।ਉਹਨਾਂ ਵਿਚੋਂ ਹੱਥ ਲਿਖਤ ਦਾਦੂ ਸੰਸਕ੍ਰਿਤ ਮਹਾਂਵਿਦਿਆਲਾ ਜੈਪੁਰ, ਸਿਟੀ ਪੈਲੇਸ ਜੈਪੁਰ, ਭਾਰਤੀ ਵਿੱਦਿਆ ਮੰਦਰ ਬੀਕਾਨੇਰ, ਜੋਧਪੁਰ,ਉਦੇਪੁਰ, ਬਨਾਰਸ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਸਿੱਖ ਰਿਸੋਰਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਪਏ ਹਨ[1] ਭਗਤ ਰਵਿਦਾਸ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਬਾਣੀਕਾਰ ਦਾ ਦਰਜਾ ਦਿੱਤਾ। ਭਗਤ ਰਵਿਦਾਸ ਜੀ ਦੇ 40 ਸਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤੇ ਜੋ ਪ੍ਰਮਾਣਿਕਤਾ ਦਾ ਪ੍ਰਤੱਖ ਪ੍ਰਮਾਣ ਹੈ।ਭਗਤ ਰਵਿਦਾਸ ਜੀ ਨੇ ਪਦੇ, ਅਸਟਪਦੀ ਅਤੇ ਸ਼ਲੋਕ ਸ਼ਾਸਤਰੀ ਗਾਇਨ ਸ਼ੈਲੀਆਂ ਦੇ ਨਾਲ-ਨਾਲ ਲੋਕ ਗਾਇਨ ਸੈਲੀ ਆਰਤੀ ਦਾ ਵੀ ਆਪਣੀ ਬਾਣੀ ਦੇ ਗਾਇਨ ਹਿਤ ਪ੍ਰਯੋਗ ਕੀਤਾ।ਭਗਤ ਰਵਿਦਾਸ ਜੀ ਦੀ ਬਾਣੀ ਤੋਂ ਕਾਵਿ ਪ੍ਰਤਿਭਾ ਦੀ ਝਲਕ ਮਿਲਦੀ ਹੈ ਉਥੇ ਇਹ ਸੰਗੀਤ ਦੀ ਸੂਖਸਮ ਸੂਝ ਦੇ ਮਾਲਿਕ

ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਜੀ ਵਲੋਂ ਪ੍ਰਯੋਗ ਕੀਤੀਆਂ ਗਈਆਂ ਗਾਇਨ ਸ਼ੈਲੀਆਂ ਬਾਰੇ ਵਿਚਾਰ ਇਸ ਤਰ੍ਹਾਂ ਹੈ।

## ਅਸ਼ਟਪਦੀ

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਦੀ ਪ੍ਰਸਤੁਤੀ ਲਈ ਭਾਰਤੀ ਸੰਗੀਤ ਵਿਚ ਮੱਧਕਾਲ ਵਿਚ ਪ੍ਰੱਚਲਿਤ ਪ੍ਰਬੰਧ ਗਾਇਨ ਸ਼ੈਲੀ ਅੰਗ ਤੋਂ ਅਸ਼ਟਪਦੀ ਦਾ ਕਾਵਿਕ ਅਤੇ ਸੰਗੀਤਕ ਰੂਪ ਸਨਾਤਨੀ ਉੱਚਤਾ ਦਾ ਧਾਰਣੀ ਹੈ। ਅਸ਼ਟਪਦੀ ਸ਼ਬਦ ਤੋਂ ਸਪਸ਼ਟ ਹੈ ਕਿ ਅੱਠ ਪਦਿਆਂ (ਅਸ਼ਟ ਪਦ) ਦਾ ਸੰਗ੍ਰਹਿ ਹੈ। ਇਹ ਸਨਾਤਨੀ ਕਾਵਿ ਦੇ ਅੰਤਰਗਤ ਆਉਣ ਵਾਲਾ ਪ੍ਰੱਚਲਿਤ ਤੇ ਸਥਾਪਿਤ ਕਾਵਿ ਰੂਪ ਹੈ ਜਿਸ ਵਿਚ ਦਰਸ਼ਨ ਤੇ ਧਰਮ ਦੇ ਵਿਭਿੰਨ ਸਿਧਾਂਤਾਂ ਦਾ ਵਰਣਨ ਹੈ। ਅਸ਼ਟਪਦੀ ਅਧੀਨ ਗੰਭੀਰ ਕਿਸਮ ਦੇ ਬੌਧਿਕ ਵਿਚਾਰਾਂ ਦਾ ਪ੍ਰਗਟਾਵਾ ਹੈ।

ਅੱਠ ਪਦਾਂ ਦੀ ਰਚਨਾ ਨੂੰ ਅਸ਼ਟਪਦੀ ਕਹਿੰਦੇ ਹਨ। ਇਸ ਕਾਵਿ ਰੂਪ ਦਾ ਕੋਈ ਖਾਸ ਤੋਲ ਤੁਕਾਂਤ ਨਹੀਂ। ਹਾਂ ਇਸ ਵਿਚ ਅੱਠ ਛੰਦ ਇਕੋ ਪ੍ਰਬੰਧ ਵਿਚ ਲਿਖੇ ਜਾਂਦੇ ਹਨ[2] ਭਾਈ ਕਾਨ੍ਹ ਸਿੰਘ ਨਾਭਾ 'ਅਨੁਸਾਰ, ਇਹ ਛੰਦ ਦੀ ਖਾਸ ਜਾਤਿ ਨਹੀਂ ਹੈ। ਜਿਸ ਪ੍ਰਬੰਧ ਵਿਚ ਅੱਠ ਛੰਦ (ਪਦ) ਇੱਕਠੇ ਹੋਣ ਉਸਦੀ ਅਸ਼ਟਪਦੀ ਸੰਗਿਆ ਹੈ।'[3] ਅਧਿਆਤਮਕ ਸੰਗੀਤ ਅੰਤਰਗਤ 12 ਵੀਂ ਸਦੀ ਦੇ ਪ੍ਰਸਿੱਧ ਕਵੀ ਅਤੇ ਮਹਾਨ ਸੰਗੀਤਕਾਰ ਜੈ ਦੇਵ ਦੁਆਰਾ ਰਚਿਤ ਗੀਤ ਗੋਵਿੰਦ ਦੀਆਂ ਮਹੱਤਵਪੂਰਨ ਰਚਨਾਵਾਂ ਅਸ਼ਟਪਦੀਆਂ ਪ੍ਰਬੰਧ ਗਾਇਨ ਦਾ ਉਤਕ੍ਰਿਸ਼ਟ ਨਮੂਨਾ ਹਨ। ਪ੍ਰਬੰਧ ਸ਼ੈਲੀ ਦੇ ਚਾਰ ਅੰਗ ਉਦਗ੍ਰਾਹ, ਧਰੁਵ, ਮੇਲਾਪਕ ਅਤੇ ਆਭੋਗ ਹਨ ਜੋ ਚਾਰ ਧਾਤੂ ਦੇ ਨਾਮ ਤੋਂ ਵੀ ਜਾਣੇ ਜਾਂਦੇ ਹਨ। ਜ਼ਿਆਦਾਤਰ ਗ੍ਰੰਥਕਾਰਾਂ ਦੇ ਪ੍ਰਬੰਧ ਦੇ ਅੰਗ/ਧਾਤੂ ਉਦਗ੍ਰਾਹ,ਧਰੁਵ, ਮੇਲਾਪਕ, ਆਭੋਗ ਹੀ ਮੰਨੇ ਹਨ ਪਰ ਵਿਜੇ ਚੰਦੋਰਕਰ ਜੀ ਅਨੁਸਾਰ ਉਦਗ੍ਰਾਹ, ਧਰੁਵ, ਅੰਤਰਾ, ਆਭੋਗ ਨਾਮ ਵੀ ਪ੍ਰਚਾਰ ਵਿਚ ਸਨ।[4]

ਗੀਤ ਦਾ ਆਰੰਭਿਕ ਭਾਗ ਜਿਥੋਂ ਗੀਤ ਦੀ ਸ਼ੁਰੂਆਤ ਹੁੰਦੀ ਹੈ, ਉਦਗ੍ਰਾਹ ਅਖਵਾਉਂਦਾ ਹੈ। ਪ੍ਰਬੰਧ ਦਾ ਪਹਿਲਾ ਭਾਗ ਉਦਗ੍ਰਾਹ ਅਤੇ ਤੀਸਰਾ ਭਾਗ ਧਰੁਵ ਦੇ ਸੰਜੋਗ ਤੋਂ ਮੇਲਾਪਕ ਬਣਦਾ ਹੈ। ਧਰੁਵ ਪ੍ਰਬੰਧ ਸ਼ੈਲੀ ਦਾ ਅਹਿਮ ਅੰਗ ਹੈ ਜੋ ਸਥਾਈ ਜਾਂ ਟੇਕ ਵਜੋਂ ਪ੍ਰਬੰਧ ਸ਼ੈਲੀ ਵਿਚ ਵਿਦਮਾਨ ਹੈ। ਇਸਦਾ ਗਾਇਨ ਵਿਸ਼ੇਸ਼ ਰੂਪ ਵਿਚ ਬਾਰ-ਬਾਰ ਕੀਤਾ ਜਾਂਦਾ ਹੈ। ਆਭੋਗ ਪ੍ਰਬੰਧ ਗਾਨ ਦਾ ਅੰਤਿਮ ਅਤੇ ਚੌਥਾ ਭਾਗ ਹੈ, ਜਿਸਤੇ ਪ੍ਰਬੰਧ ਗਾਨ ਦੀ ਸਮਾਪਤੀ ਹੁੰਦੀ ਹੈ।

ਭਗਤ ਰਵਿਦਾਸ ਬਾਣੀ ਅਧੀਨ ਅਸ਼ਟਪਦੀ ਵਿਚ ਪ੍ਰਬੰਧ ਦੇ ਉਦਗ੍ਰਾਹ, ਧਰੁਵ, ਅੰਤਰੇ ਤੋਂ ਬਿਨਾਂ ਮੇਲਾਪਕ ਆਦਿ ਧਾਤੂਆਂ ਦਾ ਪ੍ਰਯੋਗ ਨਹੀਂ ਕੀਤਾ ਗਿਆ। ਉਦਾਹਰਣ ਦੇ ਤੌਰ 'ਤੇ ਭਗਤ ਰਵਿਦਾਸ ਜੀ ਦੀ ਰਾਗ ਗਉੜੀ ਬੈਰਾਗਣਿ ਵਿਚ ਦਰਜ ਅਸ਼ਟਪਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ

ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥

ਤੀਨੋ ਜੁਗ ਤੀਨੋ ਦਿੜੇ ਕਲਿ ਕੇਵਲ ਨਾਮ ਅਧਾਰ ॥੧॥ ( ਆਦਿ ਗ੍ਰੰਥ, ਪੰਨਾ 346)

ਉਪਰੋਕਤ ਅਸ਼ਟਪਦੀ ਦੇ ਸਾਰੇ ਅੰਗ ਅੰਕਾਂ ਸਹਿਤ ਅੰਕਿਤ ਹਨ। ਅਸ਼ਟਪਦੀ ਵਿਚ ਪਹਿਲੀਆਂ ਦੋ ਸਤਰਾਂ ਜਿਨ੍ਹਾਂ ਤੋਂ ਬਾਅਦ ਅੰਕ ਮਿਲਦਾ ਹੈ, ਉਦਗ੍ਰਾਹ ਧਾਤੂ ਹੈ। ਉਦਗ੍ਰਾਹ ਤੋਂ ਬਾਅਦ ਰਹਾਉ ਦੀ ਤੁਕ ਧਰੂਵ ਹੈ ਜੋ ਸਥਾਈ ਵਜੋਂ ਕਿਰਿਆਸ਼ੀਲ ਰਹਿੰਦੀ ਹੈ। ਪ੍ਰਬੰਧ ਦੇ ਦੋ ਧਾਤੂ ਉਦਗ੍ਰਾਹ ਅਤੇ ਧਰੁਵ ਤੋਂ ਬਿਨਾਂ ਅਸ਼ਟਪਦੀ ਦੀਆਂ ਬਾਕੀ ਤੁਕਾਂ ਦਾ ਅੰਤਰੇ ਦੇ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ। ਭਗਤ ਰਵਿਦਾਸ ਜੀ ਦੁਆਰਾ ਰਚਿਤ ਅਸ਼ਟਪਦੀ ਪ੍ਰਬੰਧ ਗਾਇਨ ਦਾ ਉੱਤਮ ਨਮੂਨਾ ਹੈ। ਅਸ਼ਟਪਦੀ ਨੂੰ ਪ੍ਰਬੰਧ ਅੰਗ ਤੋਂ ਗਾਇਨ ਕਰਨ ਦੀ ਪਰੰਪਰਾ ਹੈ ਪਰ ਸਮੇਂ ਦੇ ਅੰਤਰਾਲ ਸਦਕਾ ਪ੍ਰਬੰਧ ਅੰਗ ਤੋਂ ਅਸ਼ਟਪਦੀ ਦਾ ਗਾਇਨ ਪ੍ਰਚਲਨ ਨਹੀਂ ਹੈ ਪਰ ਇਸਦੀ ਖੋਜ ਦਾ ਸਰੋਤ ਜਾਂ ਸੀਮਾ ਪ੍ਰਾਚੀਨ ਪ੍ਰਬੰਧ ਹੀ ਹੈ।

## ਪਦੇ:-

ਭਗਤ ਰਵਿਦਾਸ ਜੀ ਨੇ ਆਪਣੇ ਸਮੇਂ ਪ੍ਰਚੱਲਿਤ ਧਰੁਪਦ ਸ਼ੈਲੀ ਤੋਂ ਪਦ ਗਾਇਨ ਦੀ ਰਚਨਾ ਕੀਤੀ। ਪਦ ਕਾਵਿ ਦਾ ਪੁਰਾਤਨ ਅਤੇ ਪ੍ਰਚੱਲਿਤ ਕਾਵਿ ਰੂਪ ਹੈ। ਸੰਗੀਤ ਵਿਚ ਇਸਨੂੰ ਗਾਉਣ ਦੀ ਆਪਣੀ ਪਰੰਪਰਾ ਹੈ। ਸੰਗੀਤ ਭਾਸ਼ਯ ਵਿਚ ਪਦ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ, 'ਜਿਨ੍ਹਾਂ ਵਿਸ਼ੇਸ਼ ਅੱਖਰ ਜਾਂ ਵਾਕ ਸਮੂਹਾਂ ਤੋਂ ਕਿਸੇ ਗਤ ਜਾਂ ਗੀਤ ਦਾ ਬੋਧ ਕੀਤਾ ਜਾਂਦਾ ਹੈ। ਉਸ ਸ਼ਬਦਾਵਲੀ ਨੂੰ ਪਦ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਕਵਿਤਾ ਦੇ ਭਿੰਨ -ਭਿੰਨ ਚਰਣ ਜਾਂ ਭਾਗ ਨੂੰ ਵੀ ਸਾਹਿੱਤ ਵਿਚ ਪਦ ਕਿਹਾ ਜਾਂਦਾ ਹੈ।[5] ਪਦ ਨੂੰ ਰਾਗ ਪਦ,ਰਾਗ ਪ੍ਰਕਾਸ਼ਕ ਪਦ ਅਤੇ ਸਵਰ ਸ਼ਬਦ ਵੀ ਕਿਹਾ ਜਾਂਦਾ ਹੈ।[6] ਪਦੇ ਸਰੋਂਦੀ ਕਵਿਤਾ ਦਾ ਪ੍ਰਸਿੱਧ ਕਾਵਿ ਰੂਪ ਮੰਨਿਆ ਜਾਂਦਾ ਹੈ। ਪਦ ਤੋਂ ਭਾਵ ਪੰਕਤੀ ਜਾਂ ਪੰਕਤੀ ਸਮੂਹ ਹੈ। ਪਦਿਆਂ ਦੀਆਂ ਪੰਕਤੀਆਂ ਨੂੰ ਤੁਕਾਂ ਵੀ ਕਿਹਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,'ਉਹ ਛੰਦ ਜਾਂ ਕਾਵਯ, ਵਰਣ, ਗਣ ਅਤੇ ਮਾਤ੍ਰਾ ਦੇ ਨਿਯਮ ਵਿਚ ਹੋਵੇ ਉਸਨੂੰ ਪਦ ਕਿਹਾ ਜਾਂਦਾ ਹੈ।'[7] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਬੰਦ ਜਾਂ ਤੁਕਾਂ ਦੀ ਸੰਖਿਆਂ ਦੇ ਆਧਾਰ 'ਤੇ ਹੀ ਪਦਿਆਂ ਦੇ ਨਾਮ ਸਿਰਲੇਖ ਰੂਪ ਵਿਚ ਅੰਕਿਤ ਹਨ। ਦੋ ਬੰਦਾਂ ਦੇ ਪਦੇ ਨੂੰ ਦੁਪਦੇ, ਤਿੰਨ ਬੰਦਾਂ ਦੇ ਪਦੇ ਨੂੰ ਤਿਪਦੇ, ਚਾਰ ਬੰਦਾਂ ਦੇ ਪਦੇ ਨੂੰ ਚਉਪਦੇ। ਪਦ ਗਾਇਨ ਨੂੰ ਮੱਧਕਾਲ ਪਰੰਪਰਾ ਦੇ ਅੰਤਰਗਤ ਧਰੁਪਦ ਅੰਗ ਜਾਂ ਧਰੁਪਦ ਸ਼ੈਲੀ ਵਿਚ ਗਾਏ ਜਾਣ ਦੀ ਰੀਤ ਪ੍ਰਚਾਰ ਵਿਚ ਸੀ।

ਧਰੁਪਦ ਭਾਰਤੀ ਸੰਗੀਤ ਦੀ ਪੁਰਾਤਨ ਅਤੇ ਪਰੰਪਰਾਗਤ ਸ਼ੈਲੀ ਹੈ ਜਿਸਦਾ ਮੱਧਕਾਲ ਵਿਚ ਵਿਸ਼ੇਸ਼ ਪ੍ਰਚਲਨ ਸੀ। ਧਰੁਪਦ ਵਿਚ ਸਥਾਈ,ਅੰਤਰਾ, ਸੰਚਾਰੀ ਅਤੇ ਆਭੋਗ ਭਿੰਨ-ਭਿੰਨ ਅੰਗ ਹਨ। ਸਥਾਈ ਨੂੰ ਧਰੁਵ, ਟੇਕ, ਰਹਾਉ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਇਹ ਧਰੁਪਦ ਦਾ ਮੁੱਖ ਅੰਗ ਮੰਨਿਆ ਜਾਂਦਾ ਹੈ ਕਿਉਂਕਿ ਗਤ ਦੇ ਸੰਪੂਰਣ ਵਿਸਤਾਰ ਅਤੇ ਲੈਅਕਾਰੀਆਂ ਲੈਣ ਤੋਂ ਬਾਅਦ ਇਸ ਭਾਗ ਦਾ ਹੀ ਗਾਇਨ ਕੀਤਾ ਜਾਂਦਾ ਹੈ। ਸਥਾਈ ਗੀਤ ਦਾ ਧੁਰਾ ਜਾਂ ਧਰੁਵ ਹੈ। ਕਈ ਵਿਦਵਾਨਾਂ ਨੇ ਧਰੁਵ ਦੇ ਧਾਰਣੀ ਨੂੰ ਹੀ ਧਰੁਪਦ ਦਾ ਨਾਮ ਦਿੱਤਾ ਹੈ। ਧਰੁਪਦ ਦੇ ਇਸ ਭਾਗ ਦਾ ਚਲਨ ਮੰਦਰ ਸਪਤਕ ਦੇ ਸੜਜ ਤੋਂ ਮੱਧ ਸਪਤਕ ਦੇ ਨਿਸ਼ਾਦ

ਤੱਕ ਹੈ। ਕਈ ਵਿਦਵਾਨ ਤਾਰ ਸਪਤਕ ਦੀ ਵਰਤੋਂ ਵੀ ਮੰਨਦੇ ਹਨ ਪਰ ਇਸ ਵਿਚ ਮੱਤ ਭੇਦ ਹੈ। ਧਰੁਪਦ ਦੇ ਪਹਿਲੇ ਚਰਣ ਤੋਂ ਬਾਅਦ ਅੰਤਰਾ ਦਾ ਗਾਇਨ ਕੀਤਾ ਜਾਂਦਾ ਹੈ। ਅੰਤਰਾ ਆਮ ਤੌਰ 'ਤੇ ਗੰਧਾਰ, ਮੱਧਮ ਜਾਂ ਪੰਚਮ ਸੁਰ ਤੋਂ ਸ਼ੁਰੂ ਕੀਤਾ ਜਾਂਦਾ ਹੈ ਅਤੇ ਇਸਦਾ ਅੰਤ ਮੱਧ ਸ਼ੜਜ ਤੇ ਆ ਕੇ ਹੁੰਦਾ ਹੈ। ਸੰਚਾਰੀ ਚਰਣ ਦਾ ਗਾਇਨ ਜਿਆਦਾ ਮੰਦਰ ਅਤੇ ਮੱਧ ਸਪਤਕ ਵਿਚ ਰਹਿੰਦਾ ਹੈ। ਤਾਰ ਸਪਤਕ ਵਿਚ ਇਸਦਾ ਘੱਟ ਗਾਇਨ ਹੁੰਦਾ ਹੈ। ਇਸ ਭਾਗ ਵਿਚ ਕਲਾਤਮਿਕ ਫੇਰਾਂ ਨਾਲ ਸੁਰਾਂ ਦੀ ਵਰਤੋਂ ਹੁੰਦੀ ਹੈ ਅਤੇ ਗਮਕ, ਮੀਡੰ ਦਾ ਪ੍ਰਯੋਗ ਜਿਆਦਾ ਹੁੰਦਾ ਹੈ। ਆਭੋਗ ਜਾਂ ਧਰੁਪਦ ਦੇ ਚੌਥੇ ਭਾਗ ਦਾ ਚਲਨ ਅੰਤਰੇ ਦੀ ਤਰ੍ਹਾਂ ਹੁੰਦਾ ਹੈ। ਇਸ ਵਿਚ ਤਿੰਨਾਂ ਸਥਾਨਾਂ ਜਾਂ ਸਪਤਕ ਦੇ ਸੁਰਾਂ ਦੀ ਵਰਤੋਂ ਹੁੰਦੀ ਹੈ। ਇਸ ਵਿਚ ਗਾਇਕ ਆਪਣੀ ਸਹੂਲੀਅਤ, ਇੱਛਾ ਅਨੁਸਾਰ ਜਿੰਨੀ ਵੀ ਉਚਾਈ ਤੱਕ ਜਾ ਸਕਦਾ ਹੈ, ਉਥੋਂ ਦੇ ਸੁਰਾਂ ਦੀ ਵਰਤੋਂ ਕਰਦਾ ਹੈ। ਇਸ ਤਰ੍ਹਾਂ ਧਰੁਪਦ ਦੇ ਚਾਰੇ ਅੰਗਾਂ ਦਾ ਗਾਇਨ ਕਰਨ ਉਪਰੰਤ ਸਮਾਪਤੀ ਕੀਤੀ ਜਾਂਦੀ ਹੈ।

ਭਗਤ ਰਵਿਦਾਸ ਜੀ ਦੁਆਰਾ ਰਚਿਤ ਪਦ ਸ਼ੈਲੀ ਦ ਗਾਇਨ ਭਾਰਤੀ ਸੰਗੀਤ ਤੋਂ ਭਿੰਨ ਹੈ। ਇਹ ਗੁਰਮਤਿ ਸੰਗੀਤ ਪ੍ਰਬੰਧ ਅੰਤਰਗਤ ਸੰਕੇਤਿਕ ਨਿਯਮ(ਰਾਗ, ਰਹਾਓ, ਅੰਕੁ, ਘਰੁ ਆਦਿ) ਦੇ ਧਾਰਣੀ ਹਨ, ਜੋ ਇਸ ਰਚਨਾ ਦੇ ਗਾਇਨ ਲਈ ਵਿਵਹਾਰਕ ਰੂਪ ਵਿਚ ਸਹਾਈ ਹੁੰਦੇ ਹਨ। ਪਦੇ ਅਧੀਨ ਰਹਾਉ ਦੀ ਤੁਕ ਜਿਸ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ,ਧਰੁਪਦ ਸ਼ੈਲੀ ਵਿਚ ਇਸਨੂੰ ਧਰੁਵ ਦਾ ਨਾਮ ਦਿੱਤਾ ਗਿਆ ਹੈ। ਇਸਨੂੰ ਸ਼ਬਦ ਵਿਚ ਕੇਂਦਰ ਮੰਨ ਕੇ ਬਾਰ-ਬਾਰ ਗਾਉਣ ਦੀ ਪਰੰਪਰਾ ਹੈ। ਸ਼ਬਦ ਦੀਆਂ ਤੁਕਾਂ ਦੇ ਅੰਤ ਤੇ ੧,੨,੩ ਦੇ ਰੂਪ ਵਿਚ ਅੰਕ ਦਰਜ ਹਨ ਜੋ ਅੰਤਰਿਆਂ ਦੀ ਸੀਮਾ ਦਰਸਾਉਂਦੇ ਹਨ ਤਾਂ ਜੋ ਬਾਣੀ ਪ੍ਰਬੰਧ ਅਨੁਸਾਰ ਸਥਾਈ ਜਾਂ ਰਹਾਉ ਦੀ ਤੁਕ ਦਾ ਬਾਰ-ਬਾਰ ਗਾਇਨ ਹੋ ਸਕੇ। ਇਸੇ ਤਰ੍ਹਾਂ ਅੰਕ ਸ਼ਬਦ ਰਚਨਾ ਦੇ ਅੰਤਰਾ, ਸੰਚਾਰੀ, ਆਭੋਗ ਵਰਗੇ ਵਿਭਿੰਨ ਧਰੁਪਦ ਨਿਯਮਾਂ ਅਨੁਸਾਰ ਕਾਰਜਸ਼ੀਲ ਰਹਿੰਦੇ ਹਨ। ਭਗਤ ਰਵਿਦਾਸ ਬਾਣੀ ਵਿਚ ਸ਼ਬਦ ਦੀ ਪ੍ਰਧਾਨਤਾ ਅਤੇ ਬਾਣੀ ਦੇ ਨਿਵੇਕਲੇ ਸੰਗੀਤ ਪ੍ਰਬੰਧ ਕਰਕੇ ਧਰੁਪਦ ਗਾਇਨ ਦੇ ਇਨ੍ਹਾਂ ਸ਼ਾਸਤਰੀ ਨਿਯਮਾਂ ਤੋਂ ਖੁਲ੍ਹ ਵੀ ਲੈ ਲਈ ਜਾਂਦੀ ਹੈ। ਉਦਾਹਰਣ ਦੇ ਤੌਰ 'ਤੇ ਦੁਪਦੇ, ਤਿਪਦੇ ਆਦਿ ਵਿਚ ਧਰੁਪਦ ਦੇ ਸਾਰੇ ਅੰਗ ਨਹੀਂ ਹਨ ਪਰ ਇਨ੍ਹਾਂ ਦਾ ਗਾਇਨ ਧਰੁਪਦ ਦੇ ਅੰਗ ਤੋਂ ਹੀ ਕੀਤਾ ਜਾਂਦਾ ਹੈ। ਭਗਤ ਰਵਿਦਾਸ ਬਾਣੀ ਦੀਆਂ ਪਦ ਰਚਨਾਵਾਂ ਨੂੰ ਧਰੁਪਦ ਅੰਗ ਤੋਂ ਗਾਏ ਜਾਣ ਦੀ ਪਰੰਪਰਾ ਬਾਣੀ ਪ੍ਰਬੰਧ ਦੀ ਵਿਸ਼ਿਸ਼ਟਤਾ ਹੈ।

## ਆਰਤੀ:-

ਆਰਤੀ ਪੂਜਾ ਅਰਾਧਨਾ ਤੇ ਗੀਤ ਨੂੰ ਕਿਹਾ ਜਾਂਦਾ ਹੈ।[8] ਆਰਤੀ ਭਾਰਤੀ ਲੋਕ ਧਰਮਾਂ ਦੀ ਪ੍ਰੱਸਿਧ

ਰੀਤ ਹੈ ਜਿਸ ਅਧੀਨ ਥਾਲ ਵਿਚ ਧੂਪ,ਦੀਪ, ਚਵਰ, ਫੁੱਲ ਆਦਿ ਵਸਤਾਂ ਪਾ ਕੇ ਅਰਾਧਨਾਮਈ ਗੀਤਾਂ ਨਾਲ ਇਸ਼ਟ ਦੇਵ ਦੀ ਆਰਤੀ ਉਤਾਰੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਰਵਿਦਾਸ ਜੀ,ਧੰਨਾ ਅਤੇ ਸੈਣ ਜੀ ਦੀ ਰਾਗ ਧਨਾਸਰੀ ਅਤੇ ਭਗਤ ਕਬੀਰ ਜੀ ਦੀ ਰਾਗ ਪ੍ਰਭਾਤੀ ਅੰਤਰਗਤ ਅਰਤੀ ਦਰਜ ਹੈ। ਗੁਰਬਾਣੀ ਅਨੁਸਾਰ ਬਾਕੀ ਧਰਮਾਂ ਨਾਲੋਂ ਆਰਤੀ ਭਿੰਨ ਹੈ। ਇਸ ਵਿਚ ਸੰਸਾਰਿਕ ਵਸਤੂਆਂ ਦੀ ਥਾਂ ਬ੍ਰਹਿਮੰਡ ਵਿਚ ਹੋ ਰਹੀ ਪ੍ਰਮਾਤਮਾ ਦੀ ਆਰਤੀ ਦਾ ਚਿਤ੍ਰਣ ਹੈ। ਇਤਿਹਾਸ ਨੂੰ ਵਾਚਣ ਤੇ ਪਤਾ ਲਗਦਾ ਹੈ ਕਿ 1510-12 ਈਸਵੀ ਵਿਚ ਜਗਨਨਾਥਪੁਰੀ ਦੇ ਮੰਦਰ ਵਿਚ ਹੋ ਰਹੀ ਆਰਤੀ ਨੂੰ ਪਾਖੰਡ ਮੰਨਦਿਆਂ ਹੋਇਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰਤੀ ਦੀ ਰਚਨਾ ਕੀਤੀ।[9] ਭਗਤ ਰਵਿਦਾਸ ਜੀ ਨੇ ਵੀ ਸੰਸਾਰਿਕ ਆਰਤੀ ਦਾ ਖੰਡਨ ਕਰਦੇ ਹੋਏ ਨਾਮ ਸਿਮਰਨ ਤੇ ਹੀ ਜੋਰ ਦਿੱਤਾ ਹੈ।

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ ਕਹੈ ਰਵਿਦਾਸ ਨਾਮੁ ਤੇਰੋ ਆਰਤੀ
ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥ (ਆਦਿ ਗ੍ਰੰਥ,ਪੰਨਾ 694)

ਉਨ੍ਹਾਂ ਅਨੁਸਾਰ ਆਰਤੀ ਦੀ ਸਮੱਗਰੀ ਨਾਮ ਹੀ ਹੈ। ਆਰਤੀ ਨਾਲ ਸੰਬੰਧਿਤ ਕਿਰਿਆ ਕਰਮ ਸਭ ਕੁੱਝ ਨਾਮ ਹੀ ਹੈ। ਨਾਮ ਸਿਮਰਨ ਭਾਵ ਨਾਮ ਜਪਣਾ ਹੀ ਆਰਤੀ ਹੈ। ਸਿੱਖ ਧਰਮ ਵਿਚ ਆਰਤੀ ਦੀ ਚੌਕੀ ਵਿਚ ਆਰਤੀ ਗਾਇਨ ਕਰਨ ਦੀ ਪਰੰਪਰਾ ਹੈ।

**ਸਲੋਕ :-**

ਸਲੋਕ ਤੋਂ ਭਾਵ ਹੈ ਉਸਤਤਿ। ਭਗਤ ਰਵਿਦਾਸ ਜੀ ਨੇ ਬਾਣੀ ਰਚਨਾ ਲਈ ਮਲਾਰ ਰਾਗ ਅਧੀਨ ਸ਼ਲੋਕ ਸ਼ੈਲੀ ਦਾ ਪ੍ਰਯੋਗ ਕੀਤਾ।

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥੨੪੨॥ (ਆਦਿ ਗ੍ਰੰਥ, ਪੰਨਾ 1377)

ਗੁਰਮਤਿ ਸੰਗੀਤ ਵਿਚ ਸ਼ਲੋਕ ਸ਼ੈਲੀ ਦਾ ਨਿੱਬਧ ਅਤੇ ਅਨਿਬੱਧ ਦੋਨੋਂ ਰੂਪਾਂ ਵਿਚ ਗਾਇਨ ਕੀਤਾ ਜਾਂਦਾ ਹੈ। ਕੀਰਤਨ ਚੌਕੀਆਂ ਵਿਚ ਕੀਰਤਨ ਦੀ ਪ੍ਰਸਤੁਤੀ ਲਈ ਸਭ ਤੋਂ ਪਹਿਲਾਂ ਸੰਗੀਤਮਈ ਮਾਹੌਲ ਪੈਦਾ ਕਰਨ ਲਈ ਸਾਜਿੰਦਾ ਵਲੋਂ ਸ਼ਾਨ ਜਾਂ ਲਹਿਰਾ ਵਜਾਇਆ ਜਾਂਦਾ ਹੈ ਜੋ ਭਾਰਤੀ ਸੰਗੀਤ ਵਿਚ ਨਗਮਾ ਦੇ ਨਾਮ ਤੋਂ ਪ੍ਰਸਿੱਧ ਹੈ। ਇਸ ਤੋਂ ਉਪਰੰਤ ਬੰਦਨਾ ਜਾਂ ਮੰਗਲਾਚਰਨ ਦੇ ਤੌਰ 'ਤੇ ਕਿਸੀ ਸਲੋਕ ਜਾਂ ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ। ਸ਼ਲੋਕ ਜਾਂ ਸ਼ਬਦ ਦਾ ਸਮੇਂ ਅਨੁਸਾਰ ਨਿਰਧਾਰਤ ਰਾਗ ਵਿਚ ਵਿਲੰਬਿਤ ਖਿਆਲ ਜਾਂ ਧਰੁਪਦ ਅੰਗ ਤੋਂ ਗਾਇਨ ਕੀਤਾ ਜਾਂਦਾ ਹੈ। ਖਿਆਲ ਅੰਗ ਤੋਂ ਸ਼ਲੋਕ/ਸ਼ਬਦ ਦਾ ਗਾਇਨ ਏਕ ਤਾਲ, ਤੀਨ ਤਾਲ ਵਿਚ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਬਾਣੀ ਪ੍ਰਧਾਨ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਵਿਲਿੰਬਤ ਖਿਆਲ ਦੀ ਤਰ੍ਹਾਂ ਵਿਸਤਾਰ ਨਹੀਂ ਕੀਤਾ ਜਾਂਦਾ। ਸ਼ਲੋਕ ਦਾ ਗਾਇਨ

ਚਾਰ ਤਾਲ, ਸੂਲਫਾਖਤਾ ਵਿਚ ਵੀ ਕੀਤਾ ਜਾਂਦਾ ਹੈ ਜੋ ਧਰੁਪਦ ਅੰਗ ’ਤੇ ਆਧਾਰਿਤ ਹੈ। ਬੰਦਨਾਂ ਤੋਂ ਬਾਅਦ ਸਮੇਂ ਨਾਲ ਸੰਬੰਧਿਤ ਰਾਗਾਂ ਵਿਚ ਹੋਰ ਸ਼ਬਦਾਂ ਦਾ ਗਾਇਨ ਵਿਭਿੰਨ ਸ਼ੈਲੀਆਂ ਅੰਤਰਗਤ ਗਾਇਨ ਕਰਨ ਦੀ ਪ੍ਰਥਾ ਹੈ। ਅਧਿਆਤਮਕ ਬੋਧ ਅਤੇ ਅਧਿਆਤਮਕ ਆਨੰਦ ਪ੍ਰਾਪਤੀ ਦੇ ਉਦੇਸ਼ ਨੂੰ ਖਿਆਲ ਵਿਚ ਰਖਦੇ ਹੋਏ ਬਾਣੀ ਦੇ ਅਰਥਾਂ ਨੂੰ ਸਮਝਣ ਲਈ ਬਾਣੀ ਪ੍ਰਸਤੁਤੀ ਦੌਰਾਨ ਢੁਕਵੇਂ ਸ਼ਲੋਕ ਦਾ ਗਾਇਨ ਆਲਾਪ ਦੇ ਤੌਰ ’ਤੇ ਅਨਿਬੱਧ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ।

ਭਗਤ ਰਵਿਦਾਸ ਜੀ ਨੇ ਧੁਰ ਦੀ ਬਾਣੀ ਨੂੰ ਸੰਚਾਰਿਤ ਕਰਨ ਲਈ ਕਾਵਿ ਦਾ ਪ੍ਰਯੋਗ ਕੀਤਾ ਉਥੇ ਬਾਣੀ ਦੇ ਭਾਵ ਪ੍ਰਗਟ ਕਰਨ ਲਈ ਸੰਗੀਤ ਦਾ ਵਿਸ਼ੇਸ਼ ਉੱਤਮ ਸੰਗੀਤ ਪ੍ਰਬੰਧ ਸਹਿਤ ਭਰਪੂਰ ਪ੍ਰਯੋਗ ਕੀਤਾ ਅਤੇ ਵਿਵਹਾਰਕ ਤੌਰ ’ਤੇ ਦ੍ਰਿੜਤਾ ਨਾਲ ਪ੍ਰਚਾਰ ਕੀਤਾ।


1. ਬ੍ਰਹਮ ਜਗਦੀਸ਼ ਸਿੰਘ, ਭਗਤ ਬਾਣੀ ਚਿੰਤਨ ਤੇ ਕਲਾ, ਪੰਨਾ 75

2. ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ), ਪੰਨਾ 30 3. ਗੁਰੂ ਛੰਦ ਦਿਵਾਕਰ, ਪੰਨਾ 43

4. ਵਿਜੇ ਚੰਦੋਰਕਰ ਨਿੱਬਧ ਤਥਾ ਅਨਿਬੱਧ ਗਾਨ, ਪ੍ਰਬੰਧ ਬੈਲੀ ਦਾ ਵਿਕਾਸ, ਪੰਨਾ45

5. ਬੰਧੋਪਾਧਿਆਇ, ਸ੍ਰੀ ਪਦ, ਸੰਗੀਤ ਭਾਸ਼ਯ, ਪੰਨਾ 206

6. ਚੌਧਰੀ, ਵਿਮਲਾਕਾਂਤ ਰਾਏ, ਭਾਰਤੀਯ ਸੰਗੀਤ ਕੋਸ਼, ਪੰਨਾ 70 7. ਮਹਾਨ ਕੋਸ਼, ਪੰਨਾ 740

8. ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਵਿਕਾਸ, ਪੰਨਾ 89

9. ਪਦਮ,ਪਿਆਰਾ ਸਿੰਘ, ਆਦਿ ਗ੍ਰੰਥ ਦਾ ਸੰਗੀਤ ਪ੍ਰਬੰਧ, ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।



**ਐਸੋਸੀਏਟ ਪ੍ਰੋਫੈਸਰ, ਸੰਗੀਤ ਵਿਭਾਗ, ਸਰਕਾਰੀ ਕਾਲਜ, ਰੂਪਨਗਰ।**

# ਰਾਗੁ ਬਸੰਤ

ਸੁਰਲਿਪੀ ਸਰਦਾਰ ਹਰਭਜਨ ਸਿੰਘ

**ਥਾਟ :** ਮਾਰਵਾ **ਜਾਤੀ** : ਓਡਵ-ਸੰਪੂਰਨ ॥
**ਵਰਜਿਤ ਸਵਰ : ਅਵਰੋਹ** ਵਿਚ ਰੁ ਤੇ ਨ ॥
**ਸਮਾਂ :** ਰਾਤ ਦਾ ਚੌਥਾ ਪਹਿਰ ॥
**ਵਾਦੀ ਸਵਰ** : ਸੰ ॥ **ਸੰਵਾਦੀ ਸਵਰ** : ਮ ॥
**ਆਰੋਹ :** ਸ ਮਗ ਮ॑ ਧ ਸੰ ॥
**ਅਵਰੋਹ :** ਸੰ ਰੁ ਨ ਧ ਪ, ਮ॑ਧ ਮ॑ਗ ਰੁ ਸ ॥

## ਰਾਗ ਬਸੰਤ (ਝੱਪ ਤਾਲ)

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| | | | | **ਅਸਥਾਈ** | | | | | |
| **ਰੁਸ** | **ਸ** | **ਮ** | | **–** | | **ਮ** | **ਮ** | **ਗ** | |
| **ਮ** | **ਮ** | **ਮ** | | | | | | | |
| ਭS | ਗ | ਤ | | S | | ਨ | ਛੋ | ਡਉ | |
| ਤੇ | S | ਰੀ | | | | | | | |
| **ਮ** | **–** | **ਮ** | | **–** | | **ਗ** | **ਮ॑** | **ਧ** | |
| **ਮ॑ਧ** | **ਸੰ** | **–** | | | | | | | |
| ਭਾ | S | ਵੈ | | | | | | | |
| | | | | **ਅੰਤਰਾ** | | | | | |
| SS | S | S | | | | | | | |
| **ਸੰ** | **ਸੰ** | **ਨ** | | **ਸੰਰੁੰ** | | **ਸੰ** | **ਸੰ** | **–** | |
| **ਸੰ** | **–** | **ਸੰ** | | | | | | | |
| ਚ | ਰ | ਨ | | SS | ਕ | | ਮ | ਲ | |
| ਮੇ | S | ਰੇ | | | | | | | |
| **ਸੰ** | **ਸੰ** | **ਨ** | | **ਧ** | **ਧ** | | **ਮ॑** | **ਧ** | |
| **ਧਨ** | **ਸੰਰੁੰ** | **ਸੰ** | | | | | | | |
| ਹੀ | ਅ | ਰੇ | | S‿ | | ਬ | ਸੈ | S | |
| ਤੇS | SS | ਰੀ | | | | | | | |

RNI Regd. No. 46788/89 ISSN 0972-2335

## ਸੁਰਲਿਪੀ ਵਾਲਾ ਸ਼ਬਦ ਅਤੇ ਅਰਥ

**ਬਸੰਤੁ ਬਾਣੀ ਨਾਮਦੇਉ ਜੀ ਕੀ**

Basanth Baanee Naamadhaeo Jee Kee

Basant. Hymns of Nam Dev Ji.

**ੴ ਸਤਿਗੁਰ ਪ੍ਰਸਾਦਿ ॥**

Ik Oankaar Sathigur Prasaadh ||

There is but One God, By the True Guru's grace, He is obtained.

**ਸਾਹਿਬੁ ਸੰਕਟਵੈ ਸੇਵਕੁ ਭਜੈ ॥**

Saahib Sankattavai Saevak Bhajai ||

If the servant runs away when his master is in trouble,

**ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥੧॥**

Chirankaal N Jeevai Dhooo Kul Lajai ||1||

he lives not for long time and brings shame to both his father's and mother's family.

**ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥**

Thaeree Bhagath N Shhoddo Bhaavai Log Hasai ||

I shall abandon not Thy meditation, O Lord, even though men may laugh at me.

**ਚਰਨ ਕਮਲ ਮੇਰੇ ਹੀਅਰੇ ਬਸੈ ॥੧॥ ਰਹਾਉ ॥**

Charan Kamal Maerae Heearae Basain ||1|| Rehaao ||

The Lord's lotus feet abide within my mind. Pause.

**ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ ॥**

Jaisae Apanae Dhhanehi Praanee Maran Maanddai ||

As the mortal accepts death for the sake of his wealth,

**ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ ॥੨॥**

Thaisae Santh Janaan Raam Naam N Shhaaddain ||2||

so does the holy man relinquish not the Lord's Name.

**ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥**

Gangaa Gaeiaa Godhaavaree Sansaar Kae Kaamaa ||

Pilgrimages to the Ganges, Gaya and Godawari are the affairs of worldly men.

**ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ॥੩॥੧॥**

Naaraaein Suprasann Hoe Th Saevak Naamaa ||3||1||

If the Lord be pleased with Nama, then alone he shall be His true slave.

ਬਾਣੀ ਭਗਤ ਨਾਮਦੇਵ ਜੀ (ਰਾਗ ਬਸੰਤ)